# ਬਰਾਬਰੀ ਵਾਲੀ ਕਾਰਜਨੀਤੀ ਅਪਣਾਉਣਾ

## ਕਾਰਜਨੀਤੀ ਬਣਾਉਣ ਬਾਰੇ ਸਲਾਹ ਮਸ਼ਵਰਾ ਲੈਣ ਲਈ ਦਸਤਾਵੇਜ਼

### ਡਿਪਟੀ ਮਿਨਿਸਟਰ ਫ਼ਾੱਰ ਕਮਿਉਨਿਟੀਜ਼ ਵਲੋਂ ਮੁੱਖਬੰਧ

ਸਕਾਟਿਸ਼ ਐਗਜ਼ੈਕਟਿਵ ਦਾ ਇਹ ਦ੍ਰਿੜ੍ਹ ਨਿਸ਼ਚਾ ਹੈ ਕਿ 21-ਵੀਂ ਸਦੀ ਵਿਚ ਸਕਾਟਲੈਂਡ ਵੱਧ ਸਹਿਨਸ਼ੀਲ, ਇਨਸਾਫ਼-ਪਸੰਦ ਅਤੇ ਸ਼ਮੂਲੀਅਤ ਵਿਚ ਯਕੀਨ ਰੱਖਣ ਵਾਲਾ ਦੇਸ਼ ਹੋਏਗਾ। ਇਹਦਾ ਅਰਥ ਇਹ ਹੈ ਕਿ ਸਾਨੂੰ ਆਪਣੇ ਸਮਾਜ ਵਿਚ ਨਾ-ਬਰਾਬਰੀ ਅਤੇ ਜਿਹੜਾ ਨਜ਼ਰੀਆ ਇਸ ਨਾ-ਬਰਾਬਰੀ ਦਾ ਆਧਾਰ ਹੈ ਉਹਦੇ ਨਾਲ ਨਿਪਟਣਾ ਪਏਗਾ। ਐਗਜ਼ੈਕਟਿਵ ਦਾ ਇਹ ਯਕੀਨ ਹੈ ਕਿ ਬਰਾਬਰੀ ਦੇ ਮੌਕੇ ਦੇਣ ਲਈ ਇਹਦੇ ਵਲੋਂ ਕੀਤਾ ਜਾਣ ਵਾਲਾ ਕੰਮ ਇਹਦੇ ਹੋਰ ਸਭ ਕੰਮਾਂ ਲਈ ਦਾ ਧੁਰਾ ਹੋਣਾ ਚਾਹੀਦਾ ਹੈ।

ਸਕਾਟਿਸ਼ ਐਗਜ਼ੈਕਟਿਵ ਬਰਾਬਰੀ ਦੇ ਮੌਕੇ ਦੇਣ ਦੀ ਪਾਲਿਸੀ ਨੂੰ ਆਪਣੀਆਂ ਸਭ ਪਾਲਿਸੀਆਂ, ਸੇਵਾਵਾਂ ਦੀ ਵਿਉਂਤਬੰਦੀ ਅਤੇ ਸੇਵਾਵਾਂ ਮੁਹੱਈਆ ਕਰਨ ਦੇ ਸਭ ਕੰਮਾਂ ਦਾ ਧੁਰਾ ਬਣਾਉਣ ਲਈ ਵਚਨ-ਬੱਧ ਹੈ। ਇਸ ਵਚਨ-ਬੱਧਤਾ ਨੂੰ ਸਾਕਾਰ ਕਰਨ ਲਈ ਇਹਨੇ ਨਵਾਂ ਇਕੁਆਲਿਟੀਜ਼ ਯੂਨਿਟ (ਬਰਾਬਰੀ ਯੂਨਿਟ) ਬਣਾਇਆ ਹੈ, ਜੋ ਪੂਰੀ ਐਗਜ਼ੈਕਟਿਵ ਦੇ ਕੰਮਾਂ ਦਾ ਆਧਾਰ ਹੋਏਗਾ ਅਤੇ ਸਭਨਾਂ ਨੂੰ ਬਰਾਬਰੀ ਦੇ ਮੌਕੇ ਦੇਣ ਦਾ ਵਸੀਹ ਕੰਮ ਕਰੇਗਾ।

ਇਹ ਯੂਨਿਟ ਬਣਾਉਣ ਤੋਂ ਬਾਅਦ ਇਸ ਵਚਨ-ਬੱਧਤਾ ਨੂੰ ਸਾਕਾਰ ਕਰਨ ਲਈ ਐਗਜ਼ੈਕਟਿਵ ਨੂੰ ਬਰਾਬਰੀ ਬਾਰੇ ਆਪਣੀ ਕਾਰਜਨੀਤੀ ਬਣਾਉਣ ਦੀ ਲੋੜ ਹੈ। ਇਸ ਕਾਰਜਨੀਤੀ ਨੂੰ ਅਸਰਦਾਈ ਬਣਾਉਣ ਲਈ ਜ਼ਰੂਰੀ ਹੈ ਕਿ ਇਹਤੋਂ ਸਕਾਟਿਸ਼ ਸਮਾਜ ਦੇ ਸਭਨਾਂ ਹਿੱਸਿਆਂ ਦੀਆਂ ਲੋੜਾਂ ਦਾ ਪ੍ਰਗਟਾਵਾ ਹੋਵੇ ਅਤੇ ਜਿਹਨਾਂ ਲੋਕਾਂ ’ਤੇ ਇਹਦਾ ਸਭ ਤੋਂ ਵੱਧ ਅਸਰ ਪੈ ਸਕਦਾ ਹੈ, ਉਹੀ ਲੋਕ ਇਸ ਕਾਰਜ ਨੀਤੀ ਦਾ ਨਿਰਮਾਣ ਕਰਨ।

ਇਸ ਮੰਤਵ ਦੀ ਪੂਰਤੀ ਲਈ ਐਗਜ਼ੈਕਟਿਵ ਇਹ ਸਲਾਹ ਮਸ਼ਵਰਾ ਲੈ ਰਹੀ ਹੈ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਇਸ ਵਿਚ ਵਧ ਚੜ੍ਹ ਕੇ ਹਿੱਸਾ ਲਓ, ਅਤੇ ਤੁਹਾਡੇ ਜਵਾਬ ਦੀ ਉਡੀਕ ਅਸੀਂ ਕਰ ਰਹੇ ਹਾਂ।

**ਜੈੱਕੀ ਬੇਲੀ, ਐਮ. ਐੱਸ. ਪੀ**
**(JACKIE BAILLIE, MSP)**

**ਪਹਿਲਾ ਪਾਠ :                ਜਾਣ ਪਛਾਣ**

ਇਨਸਾਫ਼-ਪਸੰਦ ਅਤੇ ਸ਼ਮੂਲੀਅਤ ਵਾਲਾ ਸਕਾਟਲੈਂਡ ਬਣਾਉਣ ਲਈ ਸਾਰੀ ਸਕਾਟਿਸ਼ ਐਗਜ਼ੈਕਟਿਵ ਦੀ ਵਚਨ-ਬੱਧਤਾ ਦਾ ਆਧਾਰ ਇਹ ਹੈ ਕਿ ਸਭਨਾਂ ਨੂੰ ਬਰਾਬਰੀ ਵਾਲੇ ਮੌਕੇ ਮਿਲਣ। ਇਸ ਲਈ ਐਗਜ਼ੈਕਟਿਵ ਦਾ ਦ੍ਰਿੜ੍ਹ ਨਿਸ਼ਚਾ ਇਹ ਗੱਲ ਯਕੀਨੀ ਬਣਾਉਣਾ ਹੈ ਕਿ ਸਾਡੇ ਸਭ ਕੰਮਾਂ ਧੁਰਾ ਇਹੋ ਬਰਾਬਰੀ ਲਈ ਲਗਨ ਹੋਵੇ। ਸਾਡਾ ਮੰਤਵ ਇਹ ਹੈ ਕਿ ਬਰਾਬਰੀ ਲਈ ਇਸ ਲਗਨ,ਅਤੇ ਨਵੇਂ ਸਕਾਟਲੈਂਡ ਲਈ ਉੱਤਮ ਪਾਲਿਸੀ ਅਤੇ ਪ੍ਰੋਗਰਾਮ ਲਾਗੂ ਕਰਨ ਵਿਚਕਾਰ ਸਦੀਵੀ ਅਤੇ ਮਜ਼ਬੂਤ ਸੰਬੰਧ ਹੋਵੇ।

2 ਦਸੰਬਰ 1999 ਨੂੰ ਪਾਰਲੀਮੈਂਟ ਨੇ ਪਹਿਲੀ ਵਾਰ ਬਰਾਬਰੀ ਬਾਰੇ ਵਿਚਾਰ ਵਟਾਂਦਰਾ ਕੀਤਾ, ਅਤੇ ਇਸ ਗੱਲ ਬਾਰੇ ਸਹਿਮਤੀ ਪ੍ਰਗਟਾਈ

> *'ਕਿ ਪਾਰਲੀਮੈਂਟ ਸਕਾਟਿਸ਼ ਐਗਜ਼ੈਕਟਿਵ ਦੀ Making it Work Together: A Programme for Government ('ਇਹ ਸਮੁੱਚਾ ਕੰਮ ਕਰਨਾ: ਸਰਕਾਰ ਲਈ ਪ੍ਰੋਗਰਾਮ') ਵਿਚ ਪ੍ਰਗਟਾਈ ਇਸ ਵਚਨ-ਬੱਧਤਾ ਦਾ ਸਵਾਗਤ ਕਰਦੀ ਹੈ ਕਿ ਸਭਨਾਂ ਨੂੰ ਬਰਾਬਰੀ ਦੇ ਮੌਕੇ ਦਿੱਤੇ ਜਾਣ, ਅਤੇ ਇਹ ਕੰਮ ਪੜਾਵਾਂ ਵਿਚ ਅਤੇ ਸ਼ਮੂਲੀਅਤ ਵਾਲੇ ਢੰਗਾਂ ਰਾਹੀਂ ਬਰਾਬਰੀ ਦੀ ਕਾਰਜਨੀਤੀ ਅਪਣਾ ਕੇ ਕੀਤਾ ਜਾਏ, ਤਾਕਿ ਇਹ ਗੱਲ ਯਕੀਨੀ ਬਣਾਈ ਜਾ ਸਕੇ ਕਿ ਪਾਲਿਸੀ ਤਿਆਰ ਕਰਨ ਅਤੇ ਲਾਗੂ ਕਰਨ ਵੇਲੇ ਬਰਾਬਰੀ ਦੇਣ ਵਾਲੀ ਗੱਲ ਨੂੰ ਹਰ ਕੰਮ ਦਾ ਧੁਰਾ ਬਣਾਇਆ ਜਾ ਸਕੇ।"*

ਇਹਨੂੰ ਹੋਰ ਅੱਗੇ ਲੈ ਜਾਣ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਬਰਾਬਰੀ ਵਾਲੀ ਕਰਜਨੀਤੀ ਬਾਰੇ ਵਿਚਾਰ ਵਟਾਂਦਰਾ ਅਤੇ ਸਲਾਹ ਮਸ਼ਵਰਾ ਵੀ ਹੋਵੇ।

ਬਰਾਬਰੀ ਵਾਲੀ ਕਾਰਜਨੀਨਤੀ ਤਿਆਰ ਕਰਨ ਦੇ ਪਹਿਲੇ ਪੜਾਅ 'ਤੇ, ਸਕਾਟਿਸ਼ ਪਾਰਲੀਮੈਂਟ ਦੀ ਇਹ ਬੜੀ ਇੱਛਾ ਹੈ ਕਿ ਵੱਧ ਤੋਂ ਵੱਧ ਲੋਕ ਅਤੇ ਸੰਸਥਾਵਾਂ ਆਪਣੀ ਆਪਣੀ ਦਿਲਚਸਪੀ ਅਤੇ ਖ਼ਾਸ ਮਹਾਰਤ ਵਾਲੇ ਖੇਤਰਾਂ ਦੇ ਤਜਰਬੇ ਸਾਨੂੰ ਦੱਸਣ। ਇਸ ਲਿਖਤੀ ਸਲਾਹ ਮਸ਼ਵਰੇ ਦੇ ਨਾਲ ਨਾਲ, ਸਕਾਟਿਸ਼ ਐਗਜ਼ੈਕਟਿਵ ਦਾ ਇਕੁਆਲਿਟੀ ਯੂਨਿਟ ਸਕਾਟਲੈਂਡ ਵਿਚ ਕਈ ਸੰਸਥਾਵਾਂ ਨਾਲ ਵੀ ਰਾਬਤਾ ਕਰੇਗਾ, ਜਿਹਨਾਂ ਨੂੰ ਬਰਾਬਰੀ ਵਿਚ ਖ਼ਾਸ ਦਿਲਚਸਪੀ ਹੈ। ਇਹਨਾਂ ਸੰਸਥਾਵਾਂ ਵਿਚ ਇਹ ਸ਼ਾਮਿਲ ਹੋ ਸਕਦੀਆਂ ਹਨ - ਈਕੁਅਲ ਔਪਰਚਿਊਨਿਟੀਜ਼ ਕਮਿਸ਼ਨ ਅਤੇ ਕਮਿਸ਼ਨ ਫ਼ਾੱਰ ਰੇਸ਼ਿਅਲ ਇਕੁਆਲਿਟੀ (ਬਰਾਬਰੀ ਬਾਰੇ ਸਰਕਾਰੀ ਏਜੰਸੀਆਂ), ਕਨਵੈਨਸ਼ਨ ਆੱਫ਼ ਸਕਾਟਿਸ਼ ਲੋਕਲ ਅਥਾਰਿਟੀਜ਼ (ਕੋਸਲਾ) ਰਾਹੀਂ ਲੋਕਲ ਅਥਾਰਿਟੀਆਂ, ਡਿਸਏਬਿਟਿਲੀ ਫ਼ੋਰੱਮ, ਇਕੁਐਲਿਟੀ ਨੈੱਟਵਰਕ, ਟ੍ਰੇਡ ਯੂਨੀਅਨਾਂ, ਵਾਲੰਟਰੀ ਸੈਕਟਰ ਅਤੇ ਹੋਰ।

ਅਗਲੇ ਸਫ਼ਿਆਂ 'ਤੇ ਕੁਝ ਮੁੱਦੇ ਪੇਸ਼ ਕੀਤੇ ਗਏ ਹਨ ਜਿਹਨਾਂ ਬਾਰੇ ਤੁਹਾਡੇ ਵਿਚਾਰਾਂ ਦਾ ਸਕਾਟਿਸ਼ ਐਗਜ਼ੈਕਟਿਵ ਖ਼ਾਸ ਤੌਰ 'ਤੇ ਸਵਾਗਤ ਕਰੇਗੀ। ਤੁਹਾਡੇ ਵਲੋਂ ਮਿਲੇ ਹੁੰਗਾਰੇ ਅਤੇ ਖ਼ੁਦ ਤੁਹਾਡੇ ਆਪਣੇ ਵਲੋਂ ਚਲਾਏ ਵਿਚਾਰ ਵਟਾਂਦਰਾ ਪ੍ਰੋਗਰਾਮਾਂ ਨਾਲ ਇਸ ਕਾਰਜਨੀਤੀ ਅਤੇ ਅਹਿਮ ਮੁੱਦਿਆਂ ਦੀ ਪਛਾਣ ਕਰਨ ਵਿਚ ਮਦਦ ਮਿਲੇਗੀ। ਜਿਵੇਂ ਜਿਵੇਂ ਬਰਾਬਰੀ ਬਾਰੇ ਕਾਰਜਨੀਤੀ ਤਿਆਰ ਹੁੰਦੀ ਜਾਏਗੀ, ਖ਼ਾਸ ਵਿਅਕਤੀਆਂ ਅਤੇ ਦਿਲਚਸਪੀ ਲੈਣ ਵਾਲਿਆਂ ਨੂੰ ਹੋਰ ਮੁੱਦਿਆਂ ਬਾਰੇ ਵੀ ਆਪਣੇ ਵਿਚਾਰ ਵਿਚਾਰ ਦੱਸਣਾ ਦਾ ਮੌਕਾ ਮਿਲਦਾ ਰਹੇਗਾ, ਜਿਹਨਾਂ ਨੂੰ ਸਭਨਾਂ ਨੂੰ ਜ਼ਿਆਦਾ ਬਰਾਬਰੀ ਦੇ ਮੌਕੇ ਦੇਣ ਦੇ ਲਗਾਤਾਰ ਚਲਣ ਵਾਲੇ ਕੰਮ ਦਾ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ।

**ਦੂਸਰਾ ਪਾਠ ਸ਼ਕਤੀਆਂ ਦੀ ਸਪੁਰਦਦਾਰੀ ਅਤੇ ਬਰਾਬਰੀ ਦੇ ਮੌਕੇ**

1 ਜੁਲਾਈ 1999 ਨੂੰ ਸਕਾਟਿਸ਼ ਪਾਰਲੀਮੈਂਟ ਨੇ ਸ਼ਕਤੀਆਂ ਦੀ ਸਪੁਰਦਦਾਰੀ ਦੇ ਸਮਝੌਤੇ ਤਹਿਤ ਇਹਨੂੰ ਮਿਲੀਆਂ ਸਭ ਸ਼ਕਤੀਆਂ ਸੰਭਾਲ ਲਈਆਂ। ਇਹਨਾਂ ਵਿਚ ਕਈ ਕਿਸਮ ਦੇ ਅਹਿਮ ਖੇਤਰਾਂ ਵਿਚ ਕਾਨੂੰਨ ਬਣਾਉਣਾ ਅਤੇ ਬਰਾਬਰੀ ਦੇ ਮੌਕਿਆਂ ਨੂੰ ਬੜ੍ਹਾਵਾ ਦੇਣਾ ਵੀ ਸ਼ਾਮਿਲ ਹਨ। ਵੈਸਟਮਿੰਸਟਰ ਵਿਚ ਯੂ ਕੇ ਦੀ ਪਾਰਲੀਮੈਂਟ ਨੇ ਉਹ ਕੰਮ ਸੰਭਾਲੇ ਹੋਏ ਹਨ ਜਿਹਨਾਂ ਨਾਲ ਪੂਰੇ ਯੂ ਕੇ ਪੱਧਰ ’ਤੇ ਨਜਿੱਠਣਾ ਹੀ ਠੀਕ ਹੈ।

| ਸਪੁਰਦ ਕੀਤੇ ਗਏ ਕੰਮ | ਪਹਿਲਾਂ ਵਾਲੀ ਥਾਂ ਰੱਖੇ ਗਏ ਕੰਮ |
|---|---|
| ਸਿਹਤ | ਯੂ ਕੇ ਦਾ ਸੰਵਿਧਾਨ |
| ਸਿੱਖਿਆ | ਵਿਦੇਸ਼ ਨੀਤੀ |
| ਸਿਖਲਾਈ | ਯੂ ਕੇ ਦੀ ਸੁਰੱਖਿਆ ਅਤੇ ਕੌਮੀ ਸੁਰੱਖਿਆ |
| ਸਥਾਨਕ ਸਰਕਾਰ | ਯੂ ਕੇ ਦਾ ਮਾਲੀ, ਆਰਥਿਕ ਅਤੇ ਮੁੱਦ੍ਰਾ ਸਿਸਟਮ |
| ਆਵਾਜਾਈ ਦੇ ਬਹੁਤ ਸਾਰੇ ਪਹਿਲੂ | ਯੂ ਕੇ ਦੀਆਂ ਵਸਤਾਂ ਅਤੇ ਸੇਵਾਵਾਂ ਦੀ ਸਾਂਝੀ ਮਾਰਕੀਟ |
| ਸੋਸ਼ਲ ਵਰਕ | ਰੁਜ਼ਗਾਰ ਸੰਬੰਧੀ ਕਾਨੂੰਨ |
| ਹਾਊਜ਼ਿੰਗ | ਸੋਸ਼ਲ ਸਕਿਉਰਿਟੀ |
| ਆਰਥਿਕ ਪ੍ਰਗਤੀ | |
| ਕਾਨੂੰਨੀ ਸਿਸਟਮ, ਕਾਨੂੰਨ ਅਤੇ ਅਮਨ | |
| ਮਾਹੌਲ | |
| ਖੇਤੀ ਬਾੜੀ, ਮੱਛੀ ਪਾਲਣ ਅਤੇ ਜੰਗਲਾਤ | |
| ਖੇਡਾਂ | |
| ਕਲਾਵਾਂ | |

**ਬਰਾਬਰੀ ਦੇ ਮੌਕੇ ਪਹਿਲਾਂ ਵਾਲੀ ਥਾਂ ’ਤੇ**

ਜਿਵੇਂ ਸਲਾਹ ਮਸ਼ਵਰਾ ਦੇਣ ਵਾਲੇ ਬਹੁਤੇ ਲੋਕਾਂ ਨੂੰ ਪਤਾ ਹੋਏਗਾ, ਸਕਾਟਲੈਂਡ ਐਕਟ 1998 ਵਿਚ ਬਰਾਬਰੀ ਦੇ ਮੌਕੇ ਦੇਣ ਵਾਲੇ ਕੰਮ ਨੂੰ ਵੀ ਵੈਸਟਮਿੰਸਟਰ ਪਾਰਲੀਮੈਂਟ ਕੋਲ ਹੀ ਰੱਖਿਆ ਗਿਆ ਹੈ, ਪਰ ਬਰਾਬਰੀ ਦੇ ਮੌਕੇ ਦੇਣ ਨੂੰ ਬੜ੍ਹਾਵਾ ਦੇਣ ਦਾ ਕੰਮ ਸਪੁਰਦ ਕੀਤਾ ਗਿਆ ਹੈ। ਇਹਦਾ ਕਾਰਨ ਇਹ ਹੈ ਕਿ ਬਰਾਬਰੀ ਸੰਬੰਧੀ ਮਸਲਿਆਂ ਬਾਰੇ ਪੂਰੇ ਗਰੇਟ ਬ੍ਰਿਟੇਨ ਵਿਚ ਤਕੜੀ ਅਤੇ ਇਕਸਾਰ ਆਵਾਜ਼ ਉਠਾਉਣ ਦੀ ਲੋੜ ਹੈ। ਸਕਾਟਿਸ਼ ਪਾਰਲੀਮੈਂਟ ਨੇ ਬਰਾਬਰੀ ਦੇਮਸਲਿਆਂ ਬਾਰੇ ਜ਼ੋਰ ਨਾਲ, ਪਰ ਨਿਯਮਿਤ ਢੰਗਾਂ ਨਾਲ, ਵਿਚਾਰ ਵਟਾਂਦਰਾ ਕਰਨ ਦੀ ਆਪਣੀ ਯੋਗਤਾ ਦਾ ਪ੍ਰਗਟਾਵਾ ਕਰ ਦਿੱਤਾ ਹੈ, ਤਾਕਿ ਜਿਹੜੇ ਖੇਤਰ ਇਹਦੇ ਸਪੁਰਦ ਕੀਤੇ ਗਏ ਹਨ ਉਹਨਾਂ ਵਿਚ ਵੀ ਅਤੇ ਸਮੁੱਚੇ ਤੌਰ ’ਤੇ ਵੀ ਬਰਾਬਰੀ ਨੂੰ ਬੜ੍ਹਾਵਾ ਮਿਲੇ।

ਸਕਾਟਲੈਂਡ ਐਕਟ ਵਿਚ ਬਰਾਬਰੀ ਦੇ ਮੌਕਿਆਂ ਦੀ ਵਸੀਹ ਪਰਿਭਾਸ਼ਾ ਹੈ ਜੋ ਤੀਸਰੇ ਪਾਠ ਵਿਚ (ਸਫ਼ਾ 6 ’ਤੇ) ਵੈਂਡੀ ਅਲੈਗਜ਼ੈਂਡਰ ਦੇ ਬਿਆਨ ਵਿਚ ਦਿੱਤੀ ਹੋਈ ਹੈ।

## ਬਰਾਬਰੀ ਦੇ ਮੌਕੇ ਦੇਣ ਲਈ ਸਕਾਟਿਸ਼ ਪਾਰਲੀਮੈਂਟ ਦੀ ਵਚਨ-ਬੱਧਤਾ

1997 ਦੇ ਅਖ਼ੀਰ ਵਿਚ, ਸੈਕ੍ਰੇਟਰੀ ਆੱਫ਼ ਸਟੇਟ ਫ਼ਾੱਰ ਸਕਾਟਲੈਂਡ ਨੇ ਪਾਰਲੀਮੈਂਟ ਦੇ ਕੰਮ ਕਾਜ ਅਤੇ ਕੰਮ ਕਾਜ ਦੇ ਨਿਯਮਾਂ ਬਾਰੇ ਸੁਝਾਓ ਤਿਆਰ ਕਰਨ ਵਿਚ ਮਦਦ ਦੇਣ ਲਈ ਇਕ ਕਨਸੱਲਟੇਟਿਵ ਸਟੀਅਰਿੰਗ ਗਰੁਪ (ਸੀ.ਐੱਸ.ਜੀ) ਬਣਾਇਆ ਸੀ। ਸੀ.ਐੱਸ.ਜੀ ਦੇ ਮੈਂਬਰਾਂ ਵਿਚ ਸਕਾਟਲੈਂਡ ਦੀਆਂ ਚਹੁੰਆਂ ਵੱਡੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸਨ ਅਤੇ ਬਹੁਤ ਸਾਰੇ ਆਮ ਲੋਕਾਂ ਦੇ ਗਰੁਪਾਂ ਦੇ ਨੁਮਾਇੰਦੇ ਵੀ ਸਨ। ਸੀ.ਐੱਸ.ਜੀ ਦੇ ਸੁਝਾਵਾਂ ਦਾ ਆਧਾਰ 21-ਵੀਂ ਸਦੀ ਦੇ ਲੋਕ ਰਾਜ ਦੇ ਚਾਰ “ਅਹਿਮ” ਅਸੂਲ ਸਨ। ਇਹਨਾਂ ਨੂੰ ਪਾਰਲੀਮੈਂਟ ਦਾ ਸਮਰਥਨ ਮਿਲਿਆ। ਅਸੂਲ ਇਹ ਹਨ:

- ਸਕਾਟਲੈਂਡ ਦੀ ਪਾਰਲੀਮੈਂਟ ਤੋਂ ਪਤਾ ਲਗੇ ਕਿ ਸ਼ਕਤੀ ਸਕਾਟਲੈਂਡ ਦੇ ਲੋਕਾਂ, ਵਿਧਾਇਕਾਂ (ਐਂ.ਐਸ.ਪੀ-ਆਂ) ਅਤੇ ਸਕਾਟਿਸ਼ ਐਗਜ਼ੇਕਟਿਵ ਦੀ ਸਾਂਝੀ ਹੈ;
- ਸਕਾਟਿਸ਼ ਐਗਜ਼ੈਕਟਿਵ ਸਕਾਟਿਸ਼ ਪਾਰਲੀਮੈਂਟ ਸਾਹਵੇਂ ਜਵਾਬਦੇਹ ਹੋਵੇ, ਅਤੇ ਪਾਰਲੀਮੈਂਟ ਅਤੇ ਐਗਜ਼ੈਕਟਿਵ ਲੋਕਾਂ ਸਾਹਵੇਂ ਜਵਾਬਦੇਹ ਹੋਣ;
- ਸਕਾਟਿਸ਼ ਪਾਰਲੀਮੈਂਟ ਤਕ ਪਹੁੰਚ ਕੀਤੀ ਜਾ ਸਕੇ, ਇਹ ਲੁਕੋਅ ਨਾ ਰੱਖਣ ਵਾਲੀ ਅਤੇ ਹੁੰਗਾਰਾ ਭਰਨ ਵਾਲੀ ਸੰਸਥਾ ਹੋਵੇ, ਅਤੇ ਇਹਨੂੰ ਕੰਮ ਕਾਜ ਦੇ ਅਜਿਹੇ ਢੰਗ ਤਿਆਰ ਕਰਨੇ ਚਾਹੀਦੇ ਹਨ ਜਿਹਨਾਂ ਰਾਹੀਂ ਪਾਲਿਸੀ ਅਤੇ ਕਾਨੂੰਨ ਬਣਾਉਣ, ਉਹਨਾਂ ਬਾਰੇ ਵਿਚਾਰ ਕਰਨ ਅਤੇ ਉਹਨਾਂ ਦੀ ਛਾਣਬੀਣ ਕਰਨ ਦੇ ਕੰਮਾਂ ਵਿਚ ਆਮ ਲੋਕ ਸ਼ਾਮਿਲ ਹੋ ਸਕਣ;
- ਸਕਾਟਿਸ਼ ਪਾਰਲੀਮੈਂਟ ਨੂੰ ਆਪਣੇ ਕੰਮਾਂ ਵਿਚ ਅਤੇ ਨੌਕਰੀਆਂ ਦੇਣ ਵੇਲੇ ਸਭਨਾਂ ਨੂੰ ਬਰਾਬਰੀ ਦੇ ਮੌਕੇਦੇ ਦੇਣ ਦੀ ਨੀਤੀ ਨੂੰ ਬੜ੍ਹਾਵਾ ਦੇਣ ਦੀ ਲੋੜ ਸਮਝ ਲੈਣੀ ਚਾਹੀਦੀ ਹੈ।

ਬਰਾਬਰੀ ਦੇ ਮੌਕੇ ਦੇਣ ਦੀ ਇਸ ਵਚਨ-ਬੱਧਤਾ ਨੂੰ ਪੂਰਾ ਕਰਨ ਲਈ ਸਕਾਟਿਸ਼ ਪਾਰਲੀਮੈਂਟ ਲਾਜ਼ਮੀ ਤੌਰ ’ਤੇ ਬਣਾਈਆਂ ਜਾਣ ਵਾਲੀਆਂ ਆਪਣੀਆਂ ਅੱਠ ਸਟੈਂਡਿੰਗ ਕਮੇਟੀਆਂ ਵਿਚੋਂ ਇਕ ਕਮੇਟੀ ਈਕੁਅਲ ਔਪਰਚਿਊਨਿਟੀਜ਼ ਕਮੇਟੀ (ਬਰਾਬਰੀ ਦੇ ਮੌਕਿਆਂ ਲਈ ਕਮੇਟੀ) ਵੀ ਬਣਾਈ ਹੈ। ਇਹਤੋਂ ਅਲਾਵਾ ਪਾਰਲੀਮੈਂਟ ਕੰਮ ਕਾਜ ਦੇ ਨਿਯਮਾਂ ਵਿਚ ਇਕ ਇਹ ਵੀ ਹੈ ਕਿ ਬਿਲਾਂ ਵਿਚ ਸਕਾਟਿਸ਼ ਐਗਜ਼ੈਕਟਿਵ ਵਲੋਂ ਪੇਸ਼ ਕੀਤੇ ਜਾਣ ਵਾਲੇ ਕਾਨੂੰਨੀ ਸੁਝਾਵਾਂ ਦੇ ਨਾਲ ਇਹ ਬਿਆਨ ਵੀ ਲਾਇਆ ਜਾਏ ਕਿ ਬਰਾਬਰੀ ਦੇਣ ਦੇ ਮੌਕਿਆਂ ’ਤੇ ਇਹਨਾਂ ਦਾ ਕੀ ਅਸਰ ਪਏਗਾ। ਇਸ ਤਰ੍ਹਾਂ ਪਾਰਲੀਮੈਂਟ ਅਤੇ ਇਹਦੀ ਬਰਾਬਰੀ ਦੇ ਮੌਕਿਆਂ ਵਾਲੀ ਕਮੇਟੀ ਦੀ ਬਰਾਬਰੀ ਦੇ ਮੌਕਿਆਂ ਬਾਰੇ ਹੋਏ ਕੰਮਾਂ ਦਾ ਲੇਖਾ ਜੋਖਾ ਕਰਨ ਵਿਚ ਮਦਦ ਹੋਏਗੀ ਅਤੇ ਬਰਾਬਰੀ ਦੇ ਮੌਕਿਆਂ ਨੂੰ ਸਕਾਟਿਸ਼ ਪਾਰਲੀਮੈਂਟ ਅਤੇ ਐਗਜ਼ੈਕਟਿਵ ਦੀ ਇਹ ਵਚਨ-ਬੱਧਤਾ ਵੀ ਮਜ਼ਬੂਤ ਹੋਏਗੀ ਕਿ ਇਸ ਕੰਮ ਨੂੰ “ਮੁੱਖਧਾਰਾ” ਵਾਲੇ ਕੰਮਾਂ ਵਿਚ ਸ਼ਾਮਿਲ ਕੀਤਾ ਜਾਏ। ਬਰਾਬਰੀ ਦੇ ਮੌਕੇ ਦੇਣ ਨੂੰ “ਮੁੱਖਧਾਰਾ” ਵਿਚ ਸ਼ਾਮਿਲ ਕਰਨ ਦਾ ਮਤਲਬ ਇਹ ਹੋਏਗਾ ਕਿ ਕਿਸੇ ਵੀ ਪਾਲਿਸੀ ਬਣਾਉਣ, ਸੇਵਾਵਾਂ ਦੀ ਯੋਜਨਾ ਬਣਾਉਣ ਅਤੇ ਉਹਨਾਂ ਦਾ ਲੇਖਾ ਜੋਖਾ ਅਤੇ ਮੁਲਾਂਕਣ ਕਰਨ ਦੇ ਢਾਂਚੇ ਤਿਆਰ ਕਰਨ ਵੇਲੇ ਬਰਾਬਰੀ ਦੇ ਮੌਕੇ ਦੇਣ ਵਾਲੀ ਗੱਲ ਸ਼ੁਰੂ ਤੋਂ ਹੀ ਇਹਨਾਂ ਵਿਚ ਸ਼ਾਮਿਲ ਹੋਏਗੀ। ਬਰਾਬਰੀ ਦੇ ਮੌਕਿਆਂ ਨੂੰ ਮੁੱਖਧਾਰਾ ਵਿਚ ਲਿਆਉਣ ਦਾ ਅਰਥ ਸਮਝਣ ਲਈ ਇਸ ਪਰਚੇ ਦੇ ਅਖ਼ੀਰ ਵਿਚ ਅੰਤਿਕਾ ਦੇਖੋ।

**ਤੀਸਰਾ ਪਾਠ** **ਸਕਾਟਿਸ਼ ਐਗਜ਼ੈਕਟਿਵ ਦਾ ਬਰਾਬਰੀ ਬਾਰੇ ਬਿਆਨ**

1 ਦਸੰਬਰ 1999 ਨੂੰ ਮਿਨਿਸਟਰ ਫ਼ਾਰ ਕਮਿਊਨੀਟੀਜ਼, ਬਰਾਬਰੀ ਦੇ ਮੌਕੇ ਜਿਹਨਾਂ ਦੀ ਜ਼ਿੰਮੇਦਾਰੀ ਹੈ, ਨੇ ਮੈਲਕਮ ਚਿਸ਼ਮ ਐਮ ਐੱਸ ਪੀ ਵਲੋਂ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਸਕਾਟਿਸ਼ ਪਾਰਲੀਮੈਂਟ ਸਾਹਵੇਂ ਬਰਾਬਰੀ ਬਾਰੇ ਪਹਿਲਾ ਬਿਆਨ ਪ੍ਰਕਾਸ਼ਿਤ ਕੀਤਾ। ਇਹ ਬਿਆਨ ਅੱਗੇ ਛਾਪਿਆ ਜਾ ਰਿਹਾ ਹੈ:

**ਜਾਣ ਪਛਾਣ**

ਜਿਵੇਂ *Making it Work Together: A Programme for Government ('ਇਹ ਸਮੁੱਚਾ ਕੰਮ ਕਰਨਾ: ਸਰਕਾਰ ਲਈ ਪ੍ਰੋਗਰਾਮ')* ਵਿਚ ਦ੍ਰਿੜ੍ਹਤਾ ਨਾਲ ਆਖਿਆ ਗਿਆ ਸੀ, ਸਕਾਟਿਸ਼ ਐਗਜ਼ੈਕਟਿਵ ਸਭਨਾਂ ਨੂੰ ਬਰਾਬਰੀ ਦੇ ਮੌਕੇ ਦੇਣ ਲਈ ਵਚਨ-ਬੱਧ ਹੈ। ਇਹ ਵਚਨ-ਬੱਧਤਾ ਪੂਰੀ ਕਰਨ ਲਈ ਅਸੀਂ ਸਕਾਟਿਸ਼ ਐਗਜ਼ੈਕਟਿਵ ਵਿਚ ਅਤੇ ਹੋਰ ਥਾਵਾਂ 'ਤੇ ਵੀ ਨਵੇਂ ਢੰਗ ਦੀ ਕਾਰਜਨੀਤੀ ਅਪਣਾ ਰਹੇ ਹਾਂ, ਤਾਕਿ ਸਾਡੀਆਂ ਸਭ ਪਾਲਿਸੀਆਂ ਬਣਾਉਣ ਦਾ ਧੁਰਾ ਬਰਾਬਰੀ ਦੇ ਮੌਕੇ ਦੇਣ ਦੀ ਪਾਲਿਸੀ ਹੋਵੇ। ਇਸ ਬਿਆਨ ਨਾਲ ਅਸੀਂ ਇਹ ਸੋਚਣਾ ਸ਼ੁਰੂ ਕਰਦੇ ਹਾਂ ਕਿ ਸਾਡੇ ਅੱਗੇ ਵਧਣ ਲਈ ਕਿਹੜਾ ਰਾਹ ਸਭ ਤੋਂ ਵੱਧ ਚੰਗਾ ਹੈ।

ਸਾਡਾ ਯਕੀਨ ਹੈ ਕਿ ਬਰਾਬਰੀ ਦੀ ਕਾਰਜਨੀਤੀ ਤਿਆਰ ਕਰਨ ਅਤੇ ਲਾਗੂ ਕਰਨ ਲਈ ਬੁਨਿਆਦੀ ਲੋੜ ਇਸ ਗੱਲ ਦੀ ਹੈ ਕਿ ਸਾਂਝੀਦਾਰੀ ਵਾਲਾ ਢੰਗ ਅਪਣਾਇਆ ਜਾਏ। ਅਸੀਂ ਪਾਰਲੀਮੈਂਟ ਅਤੇ ਇਹਦੀ ਬਰਾਬਰੀ ਦੇ ਮੌਕਿਆਂ ਵਾਲੀ ਕਮੇਟੀ, ਬਰਾਬਰੀ ਬਾਰੇ ਸਰਕਾਰੀ ਏਜੰਸੀਆਂ, ਸਥਾਨਕ ਸਰਕਾਰ ਅਤੇ ਹੋਰਨਾਂ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੇ ਹਾਂ। ਇਸ ਤਰ੍ਹਾਂ ਬਰਾਬਰੀ ਵਾਲੀ ਗੱਲ ਨਵੇਂ ਸਕਾਟਲੈਂਡ ਦੀਆਂ ਬੁਨਿਆਦਾਂ ਦਾ ਹਿੱਸਾ ਬਣ ਜਾਏਗੀ।

ਬਰਾਬਰੀ ਦੀ ਵਚਨ-ਬੱਧਤਾ ਦੇ ਬੁਨਿਆਦੀ ਅਸੂਲਾਂ, ਵਸੀਹ ਕਾਰਜਨੀਤੀ ਦੇ ਅਹਿਮ ਪਹਿਲੂਆਂ, ਅਤੇ ਪਹਿਲ ਦੇਣ ਵਾਲੇ ਕੰਮਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਮੇਂ ਬਾਰੇ ਸਰਗਰਮ ਵਿਚਾਰ-ਵਟਾਂਦਰਾ ਕਰਨ ਲਈ ਅਸੀਂ ਬੜੇ ਇੱਛੁਕ ਹਾਂ। ਇਸ ਕੰਮ ਵਿਚ ਇਕੁਆਲਿਟੀ ਯੂਨਿਟ, ਐਗਜ਼ੈਕਟਿਵ ਵਿਚਲੇ ਮਹਿਕਮੇ, ਅਤੇ ਇਸ ਕੰਮ ਵਿਚ ਦਿਲਚਸਪੀ ਰੱਖਣ ਵਾਲੇ ਬਾਹਰਲੇ ਲੋਕ ਸ਼ਾਮਿਲ ਹੋਣਗੇ। ਅਸੀਂ ਬਰਾਬਰੀ ਵਿਚ ਦਿਲਚਸਪੀ ਰੱਖਣ ਵਾਲੇ ਸਾਰੇ ਲੋਕਾਂ ਨੂੰ ਉਤਸ਼ਾਹ ਦਿਆਂਗੇ ਕਿ ਉਹ ਇਸ ਬਿਆਨ ਬਾਰੇ ਆਪਣੇ ਲਿਖਤੀ ਵਿਚਾਰ ਸਾਨੂੰ 4 ਅਪ੍ਰੈਲ 2000 ਤਕ ਭੇਜ ਦੇਣ। ਖੁੱਲ੍ਹੀ ਅਤੇ ਲੁਕੋਅ-ਰਹਿਤ ਸਰਕਾਰ ਦੇ ਕਾਰ-ਵਿਹਾਰ ਦੇ ਨਿਯਮਾਂ ਅਨੁਸਾਰ, ਅਜਿਹੇ ਕੋਈ ਵੀ ਵਿਚਾਰ ਆਮ ਲੋਕਾਂ ਤਕ ਪਹੁੰਚਾਏ ਜਾ ਸਕਦੇ ਹਨ, ਜਦ ਤਕ ਕਿ ਵਿਚਾਰ ਭੇਜਣ ਵਾਲੇ ਲੋਕ ਇਹਨਾਂ ਨੂੰ ਗੁਪਤ ਰੱਖਣ ਲਈ ਨਾ ਆਖਣ। ਅਗਲੇ ਸਾਲ ਦੇ ਸ਼ੁਰੂ ਵਿਚ ਇਕੁਆਲਿਟੀ ਯੂਨਿਟ ਵੀ ਐਗਜ਼ੈਕਟਿਵ ਦੇ ਮਹਿਕਮਿਆਂ ਅਤੇ ਬਾਹਰਲੇ ਲੋਕਾਂ ਨਾਲ ਵਸੀਹ ਵਿਚਾਰ ਵਟਾਂਦਰਾ ਕਰੇਗਾ।

**ਬਰਾਬਰੀ ਲਈ ਵਚਨ-ਬੱਧਤਾ**

ਸਭਨਾਂ ਨੂੰ ਬਰਾਬਰੀ ਦੇ ਵੱਧ ਮੌਕੇ ਮੁਹੱਈਆ ਕਰਨਾ ਇਨਸਾਫ਼-ਪਸੰਦ ਅਤੇ ਸ਼ਮੂਲੀਅਤ ਵਾਲੇ ਸਕਾਟਲੈਂਡ ਦਾ ਨਿਰਮਾਣ ਕਰਨ ਦੀ ਐਗਜ਼ੈਕਟਿਵ ਦੀ ਵਚਨ-ਬੱਧਤਾ ਦਾ ਬੁਨਿਆਦੀ ਅਸੂਲ ਹੈ। ਇਸ ਲਈ ਅਸੀਂ ਐਗਜ਼ੈਕਟਿਵ ਵਾਲੇ ਬਰਾਬਰੀ ਵਾਲੀ ਗੱਲ ਨੂੰ ਆਪਣੇ ਕੰਮਾਂ ਦਾ ਧੁਰਾ ਬਣਾਉਣ ਲਈ ਬੜੀ ਖ਼ੁਸ਼ੀ ਨਾਲ ਪਾਰਲੀਮੈਂਟ ਨਾਲ ਖੜ੍ਹੇ ਹਾਂ। ਸਾਡਾ ਮੰਤਵ ਇਹ ਹੈ ਕਿ ਬਰਾਬਰੀ ਵਾਲੀ ਇਸ ਗੱਲ ਦਾ ਸਦੀਵੀ ਅਤੇ ਮਜ਼ਬੂਤ ਸੰਬੰਧ ਨਵੇਂ ਸਕਾਟਲੈਂਡ ਲਈ ਬਣਨ ਵਾਲੀਆਂ ਪਾਲਿਸੀਆਂ ਅਤੇ ਪ੍ਰੋਗਰਾਮਾਂ ਨਾਲ ਸਥਾਪਤ ਕਰ ਦਿੱਤਾ ਜਾਏ।

ਬਰਾਬਰੀ ਦੇ ਮੌਕਿਆਂ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ ਤਾਂ ਵੈਸਟਮਿੰਸਟਰ ਦੀ ਪਾਰਲੀਮੈਂਟ ਕੋਲ ਹੈ, ਅਤੇ ਇਹਦਾ ਖੇਤਰ ਵਿਤਕਰਾ ਰੋਕਣ ਲਈ ਚੁਣੇ ਤਿੰਨ ਖੇਤਰਾਂ - ਨਸਲ, ਲਿੰਗ ਅਤੇ ਨਿਰਯੋਗਤਾ - ਤੋਂ ਜ਼ਿਆਦਾ ਵਿਸ਼ਾਲ ਹੈ। ਪਰ ਸਕਾਟਿਸ਼ ਐਗਜ਼ੈਕਟਿਵ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਅਸੀਂ ਨਸਲ, ਲਿੰਗ ਅਤੇ ਨਿਰਯੋਗਤਾ ਦੇ ਸੰਬੰਧ ਵਿਚ ਪਹਿਲਾਂ ਹੋਏ ਕੰਮ ਨੂੰ ਅੱਗੇ ਵਧਾਵਾਂਗੇ। ਆਪਣੇ ਸਾਰੇ ਲੋਕਾਂ ਦੀਆਂ ਚਿੰਤਾਵਾਂ ਦਾ ਧਿਆਨ ਰੱਖਦਿਆਂ ਹੋਇਆਂ, ਬਰਾਬਰੀ ਬਾਰੇ ਆਪਣੀ ਕਾਰਜਨੀਤੀ ਤਿਆਰ ਕਰਨ ਵੇਲੇ ਅਸੀਂ ਸਕਾਟਲੈਂਡ ਐਕਟ ਵਿਚ ਦਿੱਤੀ ਬਰਾਬਰੀ ਦੇ ਮੌਕਿਆਂ ਦੀ ਪਰਿਭਾਸ਼ਾ ਨੂੰ ਧਿਆਨ ਵਿਚ ਰੱਖਾਂਗੇ:

> *"ਵਿਅਕਤੀਆਂ ਨਾਲ ਉਹਨਾਂ ਦੇ ਲਿੰਗ, ਵਿਆਹੁਤਾ ਦਰਜੇ, ਨਸਲ ਕਾਰਨ, ਨਿਰਯੋਗਤਾ ਕਾਰਨ, ਉਮਰ, ਜਿਨਸੀ ਝੁਕਾਓ, ਭਾਸ਼ਾ ਜਾਂ ਸਮਾਜਕ ਪਿਛੋਕੜ ਜਾਂ ਹੋਰ ਨਿਜੀ ਖ਼ਾਸੀਅਤਾਂ, ਵਿਸ਼ਵਾਸ ਅਤੇ ਵਿਚਾਰਾਂ ਸਮੇਤ - ਜਿਵੇਂ ਧਾਰਮਿਕ ਅਤੇ ਸਿਆਸੀ ਵਿਚਾਰਾਂ - ਕਾਰਨ ਹੋਣ ਵਾਲੇ ਵਿਤਕਰੇ ਨੂੰ ਰੋਕਣਾ, ਖ਼ਤਮ ਕਰਨਾ ਜਾਂ ਕਾਬੂ ਵਿਚ ਲਿਆਉਣਾ।"*

## ਮੁੱਖ ਅਸੂਲ

ਸਕਾਟਿਸ਼ ਐਗਜ਼ੈਕਟਿਵ ਇਹਨਾਂ ਮੁੱਖ ਅਸੂਲਾਂ ਅਤੇ ਵਚਨ-ਬੱਧਤਾਵਾਂ ਅਨੁਸਾਰ ਕੰਮ ਕਰਦੀ ਹੈ:

- ਸਭਨਾਂ ਨੂੰ ਬਰਾਬਰੀ ਦੇ ਮੌਕਦੇ ਦੇਣ ਲਈ ਦ੍ਰਿੜ੍ਹ ਵਚਨ-ਬੱਧਤਾ;
- ਪੂਰੀ ਐਗਜ਼ੈਕਟਿਵ ਵਿਚ, ਪਬਲਿਕ ਸੰਸਥਾਵਾਂ ਵਿਚ ਅਤੇ ਪਾਰਲੀਮੈਂਟ ਅਤੇ ਈਕੁਅਲ ਔਪਰਚਿਊਨਿਟੀਜ਼ ਕਮੇਟੀ ਦੇ ਮਿਲਵਰਤਨ ਨਾਲ ਬਰਾਬਰੀ ਵਾਲੀ ਗੱਲ ਨੂੰ ਆਪਣੇ ਕੰਮ ਦਾ ਧੁਰਾ ਬਣਾਉਣਾ;
- ਸਾਡੀ ਬਰਾਬਰੀ ਸੰਬੰਧੀ ਕਾਰਜਨੀਤੀ ਬਣਾਉਣ ਵਿਚ ਦਿਲਚਸਪੀ ਰੱਖਣ ਵਾਲਿਆਂ ਨੂੰ ਇਸ ਬਿਆਨ ਬਾਰੇ ਵਸੀਹ ਸਲਾਹ ਮਸ਼ਵਰੇ ਵਿਚ ਸ਼ਾਮਿਲ ਕਰਨਾ, ਅਤੇ ਸਥਾਪਤ ਫ਼ੋਰੱਮਾਂ, ਨੈੱਟਵਰਕਾਂ ਨਾਲ ਵਿਚਾਰ ਵਟਾਂਦਰਾ ਜਾਰੀ ਰੱਖਣਾ ਅਤੇਬਰਾਬਰੀ ਬਾਰੇ ਸਰਕਾਰੀ ਏਜੰਸੀਆਂ, ਜਿਵੇਂ ਕੋਲਸਾ, ਟ੍ਰੇਡ ਯੂਨੀਅਨਾਂ, ਬਰਾਬਰੀ ਬਾਰੇ ਸੰਸਥਾਵਾਂ, ਵਿੱਦਿਅਕ ਸੰਸਥਾਵਾਂ ਅਤੇ ਹੋਰਨਾਂ, ਨਾਲ ਵੀ ਵਿਚਾਰ ਵਟਾਂਦਰਾ ਜਾਰੀ ਰੱਖਣਾ;
- ਰੁਜ਼ਗਾਰਦਾਤੇ ਦੇ ਤੌਰ 'ਤੇ ਬਰਾਬਰੀ ਦੇ ਮੌਕੇ ਦੇਣ ਦੇ ਕੰਮ ਵਿਚ ਹੋਰਨਾਂ ਦੀ ਅਗਵਾਈ ਕਰਨਾ; ਅਤੇ
- ਅਪ੍ਰੈਲ 2000 ਤੋਂ, ਪਾਰਲੀਮੈਂਟ ਨੂੰ ਅਤੇ ਆਮ ਲੋਕਾਂ ਨੂੰ ਬਾਰਬਰੀ ਬਾਰੇ ਕਾਰਜਨੀਤੀ ਬਣਨ ਬਾਰੇ ਅਤੇ ਇਹਨੂੰ ਲਾਗੂ ਕਰਨ ਵਿਚ ਹੋਈ ਪ੍ਰਗਤੀ ਬਾਰੇ ਬਾਕਾਇਦਾ ਰਿਪੋਰਟ ਦਿੰਦੇ ਰਹਿਣਾ।

## ਮੁੱਖ ਪਹਿਲੂ

ਅਸੀਂ ਆਪਣੀ ਬਰਾਬਰੀ ਦੀ ਕਾਰਜਨੀਤੀ ਬਣਾਉਣ ਲਈ ਕਈ ਖੇਤਰਾਂ ’ਤੇ ਲਾਗੂ ਹੋਣ ਵਾਲੇ ਅਤੇ ਕਈ ਪੜਾਵਾਂ ਵਿਚ ਵਰਤੇ ਜਾਣ ਵਾਲੇ ਢੰਗਾਂ ਦੀ ਵਰਤੋਂ ਕਰਾਂਗੇ। ਲੰਮੇ ਸਮੇਂ ਦੇ ਸਮੁੱਚੇ ਪ੍ਰੋਗਰਾਮ ਦੇ ਹਿੱਸੇ ਦੇ ਤੌਰ ’ਤੇ ਸਕਾਟਿਸ਼ ਐਗਜ਼ੈਕਟਿਵ, ਪਬਲਿਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਵਿਚ ਬਰਾਬਰੀ ਵਾਲੀ ਗੱਲ ਨੂੰ ਮੁਖੱਧਾਰਾ ਵਿਚ ਲਿਆਉਣ ਲਈ ਸਿਖਲਾਈ ਦੇਣ ਦੀ ਕਾਰਜਨੀਤੀ ਸ਼ੁਰੂ ਕਰਾਂਗੇ। ਇਹਦੇ ਨਾਲ ਨਾਲ ਹੀ, ਬਰਾਬਰੀ ਦੇ ਮੌਕੇ ਦੇਣ ਦੀ ਨੀਤੀ ਨੂੰ ਬੜ੍ਹਾਵਾ ਦੇਣ ਦਾ ਕੰਮ ਵੀ ਚੱਲੇਗਾ, ਜਿਸ ਵਿਚ ਬਰਾਬਰੀ ਬਾਰੇ (ਅੰਦਰੂਨੀ ਅਤੇ ਬਾਹਰੀ) ਸੂਝ ਬੂਝ ਵਧਾਉਣਾ ਵੀ ਸ਼ਾਮਿਲ ਹੋਏਗਾ, ਜਿਵੇਂ ਸਰਕਾਰੀ ਨੌਕਰੀਆਂ ਦੇਣ ਵੇਲੇ ਬਰਾਬਰੀ ਦੇ ਮੌਕੇ ਦੇਣਾ। ਬਰਾਬਰੀ ਬਾਰੇ ਸਰਕਾਰੀ ਸੰਸਥਾਵਾਂ, ਜਿਵੇਂ ਕੌਲਸਲਾ ਅਤੇ ਹੋਰਨਾਂ, ਦੇ ਨਾਲ ਵਿਚਾਰ ਵਟਾਂਦਰਾ ਕਰਕੇ ਅਸੀਂ ਬਰਾਬਰੀ ਦੇ ਮੌਕਿਆਂ ਬਾਰੇ ਕਾਨੂੰਨੀ ਸੁਝਾਵਾਂ, ਪਾਲਿਸੀ ਅਤੇ ਸਹੂਲਤਾਂ ਦੇ ਅਸਰ ਦਾ ਲੇਖਾ ਜੋਖਾ ਕਰਨ ਦੇ ਢੰਗ ਬਣਾਵਾਂਗੇ, ਅਤੇ ਚੰਗੇ ਕੰਮਾਂ ਬਾਰੇ ਜਾਣਕਾਰੀ ਹੋਰਨਾਂ ਨਾਲ ਸਾਂਝੀ ਕਰਨ ਅਤੇ ਇਹਨੂੰ ਫੈਲਾਉਣ ਦੇ ਢੰਗਾਂ ਬਾਰੇ ਵੀ ਵਿਚਾਰ ਕਰਾਂਗੇ।

ਬਰਾਬਰੀ ਬਾਰੇ ਅੰਦਰੂਨੀ ਅਤੇ ਬਾਹਰੀ ਨੈੱਟਵਰਕਾਂ, ਸਲਾਹ ਮਸ਼ਵਰੇ ਦੇ ਢੰਗਾਂ ਅਤੇ ਵਿਚਾਰ ਵਟਾਂਦਰੇ ਦੇ ਢੰਗਾਂ ਦਾ ਵਿਕਾਸ ਕਰਨਾ ਅਤੇ ਉਹਨਾਂ ਨੂੰ ਹੋਰ ਅੱਗੇ ਵਧਾਉਣਾ ਸਾਡੇ ਸਾਰੇ ਕੰਮਾਂ ਦਾ ਧੁਰਾ ਹੋਏਗਾ, ਅਤੇ ਮੁਢਲੀ ਜਾਣਕਾਰੀ ਅਤੇ ਲਗਤਾਤਰ ਮਿਲਣ ਵਾਲੀ ਜਾਣਕਾਰੀ, ਆਂਕੜਿਆਂ ਅਤੇ ਖੋਜ ਤੋਂ ਮਿਲੀ ਜਾਣਕਾਰੀ ਦੀ ਵਰਤੋਂ ਕਰਨਾ ਵੀ। ਇਸੇ ਤਰ੍ਹਾਂ ਸਕਾਟਿਸ਼ ਸੰਦਰਭ ਵਿਚ ਲੋੜੀਂਦੇ ਪ੍ਰਬੰਧਕੀ ਢਾਂਚੇ ਤਿਆਰ ਕਰਨਾ ਵੀ ਸਾਡੇ ਕੰਮ ਦਾ ਅਨਿੱਖੜਵਾਂ ਅੰਗ ਹੋਏਗਾ।

## ਸਾਂਝੀਦਾਰੀ

ਸਾਡੇ ਕੰਮ ਕਾਜ ਦੇ ਢੰਗਾਂ ਦਾ ਆਧਾਰ ਸਹਿਨਸ਼ੀਲਤਾ ਅਤੇ ਸੂਝ ਬੂਝ ਦੀਆਂ ਰਵਾਇਤਾਂ ਹਨ ਅਤੇ ਲੋਕਾਂ ਨੂੰ ਵੰਡੀਆਂ ਪਾਉਣ ਵਾਲੇ, ਉਹਨਾਂ ਨੂੰ ਅਲਗ ਥਲਗ ਜਾਂ ਹੋਰਨਾਂ ਤੋਂ ਵੱਖ ਕਰਨ ਵਾਲੇ ਦ੍ਰਿਸ਼ਟੀਕੋਣਾਂ ਨੂੰ ਅਸੀਂ ਦ੍ਰਿੜ੍ਹਤਾ ਨਾਲ ਰੱਦ ਕਰਦੇ ਹਾਂ। ਸਾਡੀ ਵਚਨ-ਬੱਧਤਾ ਦਾ ਧੁਰਾ ਇਹ ਹੈ ਕਿ ਹਰ ਬੰਦੇ ਦੀ ਸ਼ਖ਼ਸੀਅਤ ਅਤੇ ਉਹਦੇ ਵਲੋਂ ਮਿਲਣ ਵਾਲੇ ਯੋਗਦਾਨ ਦੀ ਕਦਰ ਕੀਤੀ ਜਾਏ। ਇਸੇ ਕਰਕੇ ਬਰਾਬਰੀ ਦੀ ਕਾਰਜਨੀਤੀ ਬਣਾਉਣ ਅਤੇ ਲਾਗੂ ਕਰਨ ਦੇ ਕੰਮ ਵਿਚ ਅਤੇ ਖ਼ਾਸ ਕੰਮਾਂ ਅਤੇ ਉੱਦਮਾਂ ਵਿਚ ਅਸੀਂ ਪਾਰਲੀਮੈਂਟ ਅਤੇ ਆਮ ਲੋਕਾਂ ਦੇ ਸਹਯੋਗ ਨਾਲ ਕੰਮ ਕਰਨਾ ਚਾਹੁੰਦੇ ਹਾਂ।

**ਚੌਥਾ ਪਾਠ ਸਲਾਹ ਮਸ਼ਵਰਾ ਲੈਣ ਲਈ ਗੱਲਾਂ**

ਸਕਾਟਿਸ਼ ਐਗਜ਼ੈਕਟਿਵ ਬਰਾਬਰੀ ਦੇ ਮਸਲੇ ਦੇ ਸਭ ਪਹਿਲੂਆਂ ਬਾਰੇ ਅਤੇ ਖ਼ਾਸ ਤੌਰ ’ਤੇ ਸਕਾਟਲੈਂਡ ਲਈ ਪਹਿਲੀ ਬਰਾਬਰੀ ਕਾਰਜਨੀਤੀ ਬਣਾਉਣ ਬਾਰੇ ਵਿਚਾਰ ਵਟਾਂਦਰੇ ਦਾ ਸਿਲਸਿਲਾ ਸ਼ੁਰੂ ਕਰਨ ਲਈ ਬੜੀ ਇੱਛੁੱਕ ਹੈ। ਇਸ ਲਈ ਸਲਾਹ ਦੇਣ ਵਾਲਿਆਂ ਨੂੰ ਬੇਨਤੀ ਹੈ ਇਹ ਕਾਰਜਨੀਤੀ ਬਣਾਉਣ ਦੇ ਕੰਮ ਵਿਚ ਜਿਹਨਾਂ ਵੀ ਗੱਲਾਂ ਬਾਰੇ ਉਹ ਚਾਹੁਣ ਆਪਣੇ ਵਿਚਾਰ ਦੇਣ। ਪਰ ਇਸ ਕਾਰਜਨੀਤੀ ਦੇ ਨਿਰਮਾਣ ਵਿਚ ਖ਼ਾਸ ਤੌਰ ’ਤੇ ਮਦਦ ਮਿਲ ਸਕਦੀ ਹੈ ਜੇ ਸਲਾਹ ਦੇਣ ਵਾਲੇ ਹੇਠਾਂ ਲਿਖੇ ਕੁਝ ਖ਼ਾਸ ਸਵਾਲਾਂ ਬਾਰੇ ਵੀ ਆਪਣੇ ਵਿਚਾਰ ਦੱਸਣ। ਇਹਨਾਂ ਗੱਲਾਂ ਬਾਰੇ ਜਿੱਥੋਂ ਤਕ ਹੋ ਸਕੇ ਸਲਾਹਕਾਰਾਂ ਨੂੰ ਆਪਣੇ ਵਿਚਾਰ ਖ਼ਾਸ ਤੌਰ ’ਤੇ ਸਪਸ਼ਟ ਕਰਨੇ ਚਾਹੀਦੇ ਹਨ। ਸਪੁਰਦ ਕੀਤੇ ਖੇਤਰਾਂ ਵਿਚ ਲਾਗੂ ਹੋਣ ਵਾਲੇ ਮੌਜੂਦਾ ਕਾਨੂੰਨਾਂ ਬਾਰੇ ਵੀ ਜੇ ਸਲਾਹਕਾਰ ਦੱਸ ਸਕਣ ਕਿ ਕਿਹੜੇ ਕਾਨੂੰਨ ਬਰਾਬਰੀ ਨੂੰ ਬੜ੍ਹਾਵਾ ਦਿੰਦੇ ਹਨ ਅਤੇ ਕਿਹੜੇ ਇਹਦੇ ਰਾਹ ਦਾ ਰੋੜਾ ਬਣਦੇ ਹਨ, ਤਾਂ ਇਹਦੇ ਨਾਲ ਖ਼ਾਸ ਤੌਰ ਤੇ ਫ਼ਾਇਦਾ ਹੋ ਸਕਦਾ ਹੈ।

**ਪਹਿਲਾ ਮੁੱਦਾ ਬਰਾਬਰੀ ਬਾਰੇ ਕਾਰਜਨੀਤੀ ਬਣਾਉਣ ਦੇ ਢੰਗ**

ਬਰਾਬਰੀ ਬਾਰੇ ਕਾਰਜਨੀਤੀ ਬਣਾਉਣ ਵੇਲੇ ਸਕਾਟਿਸ਼ ਐਗਜ਼ੈਕਟਿਵ ਇਹ ਕੰਮ ਕਰਨ ਲਈ ਵਚਨ-ਬੱਧ ਹੈ

- ਕਾਰਜਨੀਤੀ ਵਾਲੀ ਪਹੁੰਚ ਅਪਣਾਉਣਾ;
- ਜਿਹਨਾਂ ਲੋਕਾਂ ਦੀ ਵੀ ਇਸ ਕੰਮ ਵਿਚ ਦਿਲਚਸਪੀ ਹੋਵੇ ਉਹਨਾਂ ਦੇ ਸਹਯੋਗ ਨਾਲ ਕੰਮ ਕਰਨਾ;
- ਇਹ ਗੱਲ ਯਕੀਨੀ ਬਣਾਉਣਾ ਕਿ ਬਰਾਬਰੀ ਦੀ ਗੱਲ ਸਕਾਟਿਸ਼ ਐਗਜ਼ੈਕਟਿਵ ਅਤੇ ਹੋਰਨਾਂ ਦੇ ਕੰਮਾਂ ਦਾ ਧੁਰਾ ਹੋਵੇ;
- ਰੁਜ਼ਗਾਰਦਾਤੇ ਦੇ ਤੌਰ ’ਤੇ ਬਰਾਬਰੀ ਦੇ ਮੌਕੇ ਦੇਣ ਦੇ ਕੰਮਾਂ ਦੀ ਮਿਸਾਲ ਸਥਾਪਤ ਕਰਨਾ, ਅਤੇ ਔਰਤਾਂ, ਨਸਲੀ ਘੱਟ ਗਿਣਤੀਆਂ ਅਤੇ ਨਿਰਯੋਗ ਲੋਕਾਂ ਨੂੰ ਘੱਟ ਕੰਮ ਮਿਲਣ ਅਤੇ ਸੀਨੀਅਰ ਸਿਵਿਲ ਸਰਵਿਸ ਵਿਚ ਇਹਨਾਂ ਦੀ ਲੋਕਾਂ ਦੇ ਘੱਟ ਆਉਣ ਦੇ ਮਸਲੇ ਨੂੰ ਸੁਲਝਾਉਣਾ;
- ਪਬਲਿਕ ਨੌਕਰੀਆਂ ਲੈਣ ਦੇ ਮੌਕੇ ਵੱਧ ਕਿਸਮ ਦੇ ਲੋਕਾਂ ਨੂੰ ਦੇਣਾ; ਅਤੇ
- ਪਾਰਲੀਮੈਂਟ ਅਤੇ ਆਮ ਲੋਕਾਂ ਨੂੰ ਬਰਾਬਰੀ ਦੇ ਮੌਕਿਆਂ ਬਾਰੇ ਕਾਰਜਨੀਤੀ ਬਣਾਉਣ ਵਿਚ ਅਤੇ ਇਹ ਕਾਰਜਨੀਤੀ ਲਾਗੂ ਹੋਣ ਵਿਚ ਹੋਈ ਪ੍ਰਗਤੀ ਬਾਕਾਇਦਾ ਰਿਪੋਰਟ ਅਪ੍ਰੈਲ 2000 ਵਿਚ ਦੇਣਾ ਸ਼ੁਰੂ ਕਰਨਾ।

ਪਹਿਲੇ ਮੁੱਦੇ ਬਾਰੇ ਸਵਾਲ

ਸਵਾਲ 1 ਤੁਹਾਡੇ ਖ਼ਿਆਲ ਅਨੁਸਾਰ ਸਕਾਟਲੈਂਡ ਦੇ ਸੰਦਰਭ ਵਿਚ ਇਹ ਵਚਨ-ਬੱਧਤਾਵਾਂ ਕਿਵੇਂ ਚੰਗੇ ਤੋਂ ਚੰਗੇ ਢੰਗ ਨਾਲ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ?

ਸਵਾਲ 2 ਤੁਹਾਡੇ ਖ਼ਿਆਲ ਵਿਚ ਕਿਹੜੇ ਅਹਿਮ ਸਾਂਝੀਦਾਰ ਹਨ ਜਿਹਨਾਂ ਨੂੰ ਸਕਾਟਿਸ਼ ਐਗਜ਼ੈਕਟਿਵ ਦੀ ਬਰਾਬਰੀ ਬਾਰੇ ਕਾਰਜਨੀਤੀ ਬਣਾਉਣ ਦੇ ਕੰਮ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ?

ਸਵਾਲ 3 ਸਫਲ ਸਾਂਝੀਦਾਰੀ ਕਿਵੇਂਬਣਦੀ ਹੈ ਅਤੇ ਬਰਾਬਰੀ ਬਾਰੇ ਕੰਮ ਕਰਨ ਵਾਲੀਆਂ ਸਾਂਝੀਦਾਰੀਆਂ ਇਹ ਐਗਜ਼ੈਕਟਿਵ ਕਿਵੇਂ ਬਣਾ ਸਕਦੀ ਹੈ?

ਸਵਾਲ 4 ਪਬਲਿਕ ਨੌਕਰੀਆਂ ਵਿਚ ਵੱਧ ਕਿਸਮ ਦੇ ਲੋਕਾਂ ਨੂੰ ਦੇਣ ਬਾਰੇ, ਅਤੇ ਖ਼ਾਸ ਤੌਰ 'ਤੇ ਇਹਨਾਂ ਵਿਚ ਔਰਤਾਂ, ਨਸਲੀ ਘੱਟ ਗਿਣਤੀ ਦੇ ਲੋਕਾਂ ਅਤੇ ਨਿਰਯੋਗ ਲੋਕਾਂ ਨੂੰ ਲਿਆਉਣ ਬਾਰੇ ਤੁਹਾਡੇ ਕੀ ਵਿਾਰ ਹਨ?

ਪਬਲਿਕ ਨੌਕਰੀਆਂ ਬਾਰੇ ਨਵੇਂ ਸਾਲ ਵਿਚ ਅੱਗੇ ਚਲ ਕੇ ਹੋਰ ਖ਼ਾਸ ਸਲਾਹ ਮਸ਼ਵਰਾ ਵੀ ਲਿਆ ਜਾਏਗਾ। ਇਸ ਲਈ ਇਸ ਸਵਾਲ ਦਾ ਜਵਾਬ ਦੇਣ ਵੇਲੇ ਜੇ ਸਲਾਹਕਾਰ ਇਹਨਾਂ ਲੋਕਾਂ ਦੀ ਵੱਧ ਸ਼ਮੂਲੀਅਤ ਦੇ ਰਾਹ ਵਿਚ ਆਉਣ ਵਾਲੀਆਂ ਅੜਚਨਾਂ ਵਲ ਵੀ ਧਿਆਨ ਦੇਣ ਤਾਂ ਇਹਦੇ ਨਾਲ ਸਾਡੀ ਵੱਧ ਮਦਦ ਹੋ ਸਕਦੀ ਹੈ।

**ਦੂਸਰਾ ਮੁੱਦਾ ਅਹਿਮ ਗੱਲਾਂ**

ਵੱਖ ਵੱਖ ਖੇਤਰਾਂ ਵਿਚ ਲਾਗੂ ਹੋਣ ਵਾਲੀ ਅਤੇ ਪੜਾਵਾਂ ਵਿਚ ਲਾਗੂ ਕੀਤੀ ਜਾਣ ਵਾਲੀ ਬਰਾਬਰੀ ਕਾਰਜਨੀਤੀ ਦੇ ਮੁਢਲੇ ਪੜਾਵਾਂ 'ਤੇ ਇਸ ਵਿਚ ਹੇਠ ਲਿਖੀਆਂ ਮੁੱਖ ਗੱਲਾਂ ਹੋਣਗੀਆਂ:

- ਬਰਾਬਰੀ ਦੇ ਮਸਲੇ ਨੂੰ ਮੁੱਖਧਾਰਾ ਵਿਚ ਲਿਆਉਣ ਲਈ ਸਕਾਟਿਸ਼ ਐਗਜ਼ੈਕਟਿਵ ਦੇ ਕਾਰਜਖੇਤਰਾਂ ਵਿਚ, ਪਬਲਿਕ ਸੰਸਥਾਵਾਂ ਵਿਚ ਅਤੇ ਆਮ ਸੰਸਥਾਵਾਂ ਵਿਚ ਕਰਮਚਾਰੀਆਂ ਨੂੰ ਸਿਖਲਾਈ ਦੇਣ ਦੀ ਕਾਰਜਨੀਤੀ। ਮੁਖਧਾਰਾ ਵਿਚ ਲਿਆਉਣ ਦੀ ਕਾਰਜਨੀਤੀ ਬਾਰੇ ਜਾਨਣ ਲਈ ਅੰਤਿਕਾ ਪੜ੍ਹੋ।

- ਬਰਾਬਰੀ ਦੇ ਮੌਕਿਆਂ ਨੂੰ ਬੜ੍ਹਾਵਾ ਦੇਣ ਦੀ ਕਾਰਜਨੀਤੀ ਵਿਚ ਇਹਦੇ ਬਾਰੇ ਸੂਝ ਬੂਝ ਵਧਾਉਣ ਦਾ ਪ੍ਰੋਗਰਾਮ ਸ਼ਾਮਿਕ ਕੀਤਾ ਜਾਏਗਾ। ਇਹਦੇ ਦੋ ਪੱਖ ਹੋਣਗੇ

  - ਸਕਾਟਿਸ਼ ਐਗਜ਼ੈਕਟਿਵ ਦੇ ਅੰਦਰ
  - ਬਾਹਰ ਪਬਲਿਕ ਸੰਸਥਾਵਾਂ ਅਤੇ ਆਮ ਲੋਕਾਂ ਵਿਚ

- ਬੇਸਲਾਈਨ ਅਤੇ ਮਿਲਣ ਵਾਲੀ ਜਾਣਕਾਰੀ, ਆਂਕੜਿਆਂ, ਡੇਟਾ ਅਤੇ ਖੋਜ ਪੜਤਾਲ ਦੇ ਕੰਮਾਂ ਵਿਚ ਸੁਧਾਰ ਯਕੀਨੀ ਬਣਾਉਣ ਲਈ ਕੰਮ ਕਰਨਾ;

- ਈਕੁਅਲ ਔਪਰਚਿਊਨਿਟੀਜ਼ ਕਮਿਸ਼ਨ, ਕਮਿਸ਼ਨ ਫ਼ਾਰ ਰੇਸ਼ਿਅਲ ਇਕੁਆਲਿਟੀ ਅਤੇ ਬਣਨ ਵਾਲੇ ਡਿਸਏਬਿਲਿਟੀਜ਼ ਰਾਈਟਸ ਕਮਿਸ਼ਨ, ਕੌਸਲਾ, ਅਤੇ ਹੋਰਨਾਂ ਦੇ ਸਹਯੋਗ ਨਾਲ ਅਜਿਹੇ ਅਮਲੀ ਢੰਗ ਬਣਾਉਣ ਬਾਰੇ ਵਿਚਾਰ ਕਰਨਾ ਜਿਹਨਾਂ ਰਾਹੀਂ ਕਾਨੂੰਨੀ ਸੁਝਾਵਾਂ, ਪਾਲਿਸੀ ਅਤੇ ਸਹੂਲਤਾਂ ਦੇ ਬਰਾਬਰੀ ਦੇ ਮੌਕਿਆਂ 'ਤੇ ਪੈਣ ਵਾਲੇ ਅਸਰਾਂ ਦਾ ਲੇਖਾ ਜੋਖਾ ਹੋ ਸਕੇ। ਇਹਦੇ ਨਾਲ ਨਾਲ, ਸਕਾਟਿਸ਼ ਐਗਜ਼ੈਕਟਿਵ ਆਪਣੀ ਕਾਰਗੁਜ਼ਾਰੀ ਨਾਪਣ ਅਤੇ ਲੋੜੀਂਦੇ ਢਾਂਚੇ ਤਿਆਰ ਕਰਨ ਦੇ ਯੋਗ ਵੀ ਹੋਣੀ ਚਾਹੀਦੀ ਹੈ; ਅਤੇ

- ਚੰਗੇ ਕੰਮਾਂ ਬਾਰੇ ਜਾਣਕਰੀ ਸਾਂਝੀ ਕਰਨ ਅਤੇ ਇਹਦਾ ਪ੍ਰਚਾਰ ਕਰਨ ਦੇ ਢੰਗ ਲੱਭਣਾ।

ਦੂਸਰੇ ਮੁੱਦੇ ਬਾਰੇ ਸਵਾਲ

ਸਵਾਲ 4 ਤੁਹਾਡੇ ਖ਼ਿਆਲ ਵਿਚ ਐਗਜ਼ੈਕਟਿਵ ਇਹਨਾਂ ਮੁੱਖ ਕੰਮਾਂ ਨੂੰ ਅੱਗੇ ਕਿਵੇਂ ਵਧ ਾ ਸਕਦੀ ਹੈ?

ਕਿਰਪਾ ਕਰਕੇ ਹਰ ਕੰਮ ਬਾਰੇ ਆਪਣੇ ਵਿਚਾਰ ਦੱਸੋ ਅਤੇ ਇਹ ਵੀ ਦੱਸੋ ਕਿ ਕੀ ਤੁਸੀਂ ਇਸ ਖੇਤਰ ਦੇ ਕੰਮ ਵਿਚ ਕੋਈ ਯੋਗਦਾਨ ਦੇ ਸਕਦੇ ਹੋ?

ਸਵਾਲ 5 ਕੀ ਤੁਸੀਂ ਸਮਝਦੇ ਹੋ ਕਿ ਸਕਾਟਿਸ਼ ਐਗਜ਼ੈਕਟਿਵ ਕਿਸੇ ਖ਼ਾਸ ਗਰੁਪ ਦੀਆਂ ਲੋੜਾਂ ਨੂੰ ਵੱਧ ਚੰਗੀ ਤਰ੍ਹਾਂ ਸਮਝਣ ਵਿਚ ਮਦਦ ਦੇ ਸਕਦੀ ਹੈ?

ਸਵਾਲ 6 ਕੀ ਸਕਾਟਲੈਂਡ ਵਿਚ ਬਰਾਬਰੀ ਦੇ ਮੌਕਿਆਂ ਬਾਰੇ ਕਾਫ਼ੀ ਜਾਣਕਾਰੀ ਅਤੇ ਡੇਟਾ ਤੁਹਾਡੇ ਕੋਲ ਹਨ?

ਸਵਾਲ 7 ਬਰਾਬਰੀ ਦੇ ਮੌਕਿਆਂ ਬਾਰੇ ਜਾਣਕਾਰੀ ਅਤੇ ਡੇਟਾ ਨੂੰ ਹੋਰ ਚੰਗੇ ਕਿਵੇਂ ਬਣਾਇਆ ਜਾ ਸਕਦਾ ਹੈ?

ਸਵਾਲ 8 ਬਰਾਬਰੀ ਦੇ ਮੌਕਿਆਂ ਬਾਰੇ ਲੋਕਾਂ ਨੂੰ ਵੱਧ ਚੰਗੀ ਸੂਝ ਬੂਝ ਦੇਣ ਲਈ ਸਕਾਟਿਸ਼ ਐਗਜ਼ੈਕਟਿਵ ਕੀ ਕਰ ਸਕਦੀ ਹੈ?

ਸਕਾਟਿਸ਼ ਐਗਜ਼ੈਕਟਿਵ ਚੰਗੇ ਕੰਮਾਂ ਦੀ ਕਦਰ ਕਰਨ ਅਤੇ ਇਹਨਾਂ ਬਾਰੇ ਜਾਣਕਾਰੀ ਫੈਲਾਉਣ ਦੇ ਮਹੱਤਵ ਨੂੰ ਸਮਝਦੀ ਹੈ। ਇਹਦੇ ਨਾਲ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵੱਧ ਚੰਗੀਆਂ ਹੋਣਗੀਆਂ ਅਤੇ ਸਕਾਟਿਸ਼ ਹਾਲਾਤ ਅਨੁਸਾਰ ਪਾਲਿਸੀਆਂ ਬਣਾਈਆਂ ਜਾ ਸਕਣਗੀਆਂ। ਇਸ ਲਈ ਐਗਜ਼ੈਕਟਿਵ ਸਲਾਹਕਾਰਾਂ ਦੇ ਵਿਚਾਰ ਜਾਨਣਾ ਚਾਹੁੰਦੀ ਹੈ ਕਿ ਉਹ ਬਰਾਬਰੀ ਦੇ ਖੇਤਰ ਵਿਚ ਕਿਹੜੇ ਕੰਮਾਂ ਨੂੰ ਚੰਗੇ ਕੰਮ ਸਮਝਦੇ ਹਨ, ਅਤੇ ਜੇ ਤੁਹਾਡੇ ਖ਼ਿਆਲ ਵਿਚ ਇਹਨਾਂ ਦੀਆਂ ਕੋਈ ਉੱਤਮ ਕਿਸਮ ਦੀਆਂ ਮਿਸਾਲਾਂ ਹਨ ਜਿਹਨਾਂ ਦੀ ਵਰਤੋਂ ਬਰਾਬਰੀ ਬਾਰੇ ਕਾਰਜਨੀਤੀ ਬਣਾਉਣ ਵਿਚ ਕੀਤੀ ਜਾ ਸਕਦੀ ਹੈ, ਤਾਂ ਉਹਨਾਂ ਬਾਰੇ ਦੱਸੋ। ਇਹਨਾਂ ਦਾ ਸੰਬੰਧ ਬਰਾਬਰੀ ਦੇ ਮਸਲੇ ਦੇ ਸਭ ਪਹਿਲੂਆਂ ਨਾਲ ਹੋ ਸਕਦਾ ਹੈ, ਜਾਂ ਖ਼ਾਸ ਖੇਤਰਾਂ ਨਾਲ, ਜਿਵੇਂ ਸਿਹਤ, ਸੋਸ਼ਲ ਵਰਕ ਜਾਂ ਹਾਊਜ਼ਿੰਗ ਨਾਲ। ਜ਼ਰੂਰੀ ਨਹੀਂ ਕਿ ਇਹ ਕਿਸੇ ਹੋਰ ਦੇ ਕੰਮ ਹੋਣ। ਜੇ ਤੁਸੀਂ ਸਮਝਦੇ ਹੋ ਕਿ ਤੁਸੀਂ ਜਾਂ ਤੁਹਾਡੀ ਸੰਸਥਾ ਬਰਾਬਰੀ ਨੂੰ ਬੜ੍ਹਾਵਾ ਦੇਣ ਲਈ ਚੰਗੇ ਕੰਮ ਕਰ ਰਹੀ ਹੈ, ਤਾਂ ਇਹਨਾਂ ਬਾਰੇ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਏਗੀ। ਐਗਜ਼ੈਕਟਿਵ ਨੂੰ ਇਹ ਗੱਲ ਸਮਝਾਉਣ ਵਾਲੇ ਕਿਸੇ ਪਰਚੇ, ਪਾਲਿਸੀ ਦਸਤਾਵੇਜ਼, ਕਕਾਰ ਵਿਹਾਰ ਦੇ ਨਿਯਮ ਜਾਂ ਰਹਿਨੁਮਾਈ ਦੇ ਨਿਯਮ ਜਾਂ ਜਿਹੜੀ ਚੀਜ਼ ਵੀ ਪੇਸ਼ ਕਰਨਾ ਤੁਸੀਂ ਠੀਕ ਸਮਝੋ ਉਹਨੂੰ ਬੜੀ ਖ਼ੁਸ਼ੀ ਨਾਲ ਪ੍ਰਵਾਨ ਕਰੇਗੀ।

ਸਵਾਲ 9 ਤੁਹਾਡੇ ਖ਼ਿਆਲ ਵਿਚ ਬਰਾਬਰੀ ਦੇ ਖੇਤਰ ਵਿਚ ਚੰਗੇ ਕੰਮ ਕੀ ਹੁੰਦੇ ਹਨ? ਕੀ ਤੁਸੀਂ ਚੰਗੇ ਕੰਮਾਂ ਦੀਆਂ ਕੋਈ ਮਿਸਾਲਾਂ ਐਗਜ਼ੈਕਟਿਵ ਨੂੰ ਦੇ ਸਕਦੇ ਹੋ?

**ਤੀਸਰਾ ਮੁੱਦਾ ਬਰਾਬਰੀ ਨੂੰ ਬੜ੍ਹਾਵਾ ਦੇਣ ਦੇ ਢੰਗ**

ਬਰਾਬਰੀ ਬਾਰੇ ਕਾਰਜਨੀਤੀ ਬਣਾਉਣ ਦੇ ਕੰਮ ਵਿਚ ਸਕਾਟਿਸ਼ ਪਾਰਲੀਮੈਂਟ ਹੇਠ ਲਿਖੇ ਕੰਮਾਂ ਨੂੰ ਅੱਗੇ ਵਧਾਏਗੀ:

- ਅੰਦਰੂਨੀ ਅਤੇ ਬਾਹਰੀ ਬਰਾਬਰੀ ਨੈੱਟਵਰਕ
- ਸਲਾਹ ਮਸ਼ਵਰਾ ਲੈਣ ਦੇ ਪ੍ਰਬੰਧ; ਅਤੇ
- ਵਿਚਾਰ ਵਟਾਂਦਰਾ ਕਰਨ ਦੀਆਂ ਕਾਰਜਨੀਤੀਆਂ

ਸਕਾਟਿਸ਼ ਐਗਜ਼ੈਕਟਿਵ ਨੇ ਪਹਿਲਾਂ ਦੀ ਅਜਿਹੀਆਂ ਸਕਾਟਿਸ਼ ਸੰਸਥਾਵਾਂ ਦਾ ਡੇਟਾਬੇਸ ਬਣਾਇਆ ਹੋਇਆ ਹੈ ਜਿਹਨਾਂ ਨੂੰ ਔਰਤਾਂ ਦੀਆਂ ਸਮੱਸਿਆਵਾਂ ਵਿਚ ਖ਼ਾਸ ਦਿਲਚਸਪੀ ਹੈ। ਸਕਾਟਿਸ਼ ਕਾਉਂਸਿਲ ਫ਼ਾਰ ਵਾਲੰਟਰੀ ਆਰਗੇਨਾਈਜ਼ੇਸ਼ਨਜ਼ (ਐੱਸ.ਸੀ.ਵੀ.ਓ) ਅਤੇ ਡਿਸਏਬਿਲਿਟੀ ਸਕਾਟਲੈਂਡ ਵੀ ਆਪਣੇ ਆਪਣੇ ਖੇਤਰਾਂ ਵਿਚ ਇਸ ਕੰਮ ਵਿਚ ਦਿਲਚਸਪੀ ਰੱਖਣ ਵਾਲੀਆਂ ਸੰਸਥਾਵਾਂ ਅਤੇ ਗਰੁਪਾਂ ਬਾਰੇ ਜਾਣਕਾਰੀ ਰੱਖਦੇ ਹਨ। ਬਰਾਬਰੀ ਦੇ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਕਾਰਜਨੀਤੀ ਨੂੰ ਅੱਗੇ ਲੈ ਜਾਣ ਲਈ ਨੈੱਟਵਰਕਾਂ ਦੇ ਕੰਮ ਨੂੰ ਅੱਗੇ ਵਧਾਉਣ ਬਾਰੇ ਸਕਾਟਿਸ਼ ਐਗਜ਼ੈਕਟਿਵ ਇਹ ਨੈੱਟਵਟਕ ਸਾਂਝੇ ਕਰਨ ਬਾਰੇ ਅਤੇ ਖ਼ੁਦ ਸਕਾਟਿਸ਼ ਐਗਜ਼ੈਕਟਿਵ ਵਿਚ ਅਜਿਹੇ ਨੈੱਟਵਰਕ ਬਣਾਉਣ ਬਾਰੇ ਤੁਹਾਡੇ ਵਿਚਾਰਾਂ ਦਾ ਸਵਾਗਤ ਕੀਤਾ ਜਾਏਗਾ।

ਸਵਾਲ 10 ਤੁਹਾਡੀ ਦਿਲਚਸਪੀ ਵਾਲੇ ਖੇਤਰ ਵਿਚ ਜਾਂ ਸਕਾਟਲੈਂਡ ਦੇ ਕਿਹੜੇ ਹਿੱਸੇ ਵਿਚ ਅਜਿਹੇ ਨੈੱਟਵਰਕ ਹਨ ਜਿਹਨਾਂ ਦਾ ਸੰਬੰਧ ਬਰਾਬਰੀ ਬਾਰੇ ਕਾਰਜਨੀਤੀ ਬਣਾਉਣ ਨਾਲ ਹੋ ਸਕਦਾ ਹੈ, ਅਤੇ ਕਿਹਦੇ ਨਾਲ ਰਾਬਤਾ ਕਰਨਾ ਚਾਹੀਦਾ ਹੈ?

ਸਵਾਲ 11 ਕੀ ਬਰਾਬਰੀ ਬਾਰੇ ਮੌਜੂਦਾ ਨੈੱਟਵਰਕ ਤੁਹਾਡੀਆਂ ਲੋੜਾਂ ਪੂਰੀਆਂ ਕਰਦੇ ਹਨ? ਜੇ ਤੁਹਾਡਾ ਜਵਾਬ ਹਾਂ ਹੈ, ਤਾਂ ਕਿਰਪਾ ਕਰਕੇ ਕਾਰਨ ਦੱਸੋ। ਜੇ ਤੁਹਾਡਾ ਜਵਾਬ ਨਹੀਂ ਹੈ, ਤਾਂ ਕਿਰਪਾ ਕਰਕੇ ਇਹ ਦੱਸੋ ਕਿ ਕਿਹੋ ਜਿਹੇ ਨੈੱਟਵਰਕ ਤੁਹਾਡੀ ਦਿਲਚਸਪੀ ਵਾਲੇ ਖੇਤਰ ਲਈ ਜਾਂ ਸਕਾਟਲੈਂਡ ਦੇ ਕਿਸੇ ਖ਼ਾਸ ਹਿੱਸੇ ਲਈ ਠੀਕ ਰਹਿਣਗੇ?

ਸਵਾਲ 12 ਅਸਰਦਾਈ ਸਲਾਹ ਮਸ਼ਵਰਾ ਕਰਨ ਦਾ ਤੁਹਾਨੂੰ ਜਾਂ ਤੁਹਾਡੀ ਸੰਸਥਾ ਨੂੰ ਕਿੰਨਾ ਕੁ ਤਜਰਬਾ ਹੈ? ਅਤੇ ਤੁਹਾਡੇ ਖ਼ਿਆਲ ਵਿਚ ਐਗਜ਼ੈਕਟਿਵ ਬਰਾਬਰੀ ਬਾਰੇ ਆਪਣੇ ਸਲਾਹ ਮਸ਼ਵਰਾ ਕਰਨ ਦੇ ਢੰਗਾਂ ਨੂੰ ਕਿਵੇਂ ਤਿਆਰ ਕਰ ਸਕਦੀ ਹੈ ਜਾਂ ਵੱਧ ਚੰਗੇ ਬਣਾ ਸਕਦੀ ਹੈ?

ਸਵਾਲ 13 ਬਰਾਬਰੀ ਬਾਰੇ ਅਸਰਦਾਈ ਕਿਸਮ ਦਾ ਵਿਚਾਰ ਵਟਾਂਦਰਾ ਸ਼ੁਰੂ ਕਰਨ ਲਈ ਐਗਜ਼ੈਕਟਿਵ ਨੂੰ ਕਿਹੜੇ ਢੰਗ ਅਪਣਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ?

**ਮੁੱਦਾ 4** **ਪ੍ਰੋਗਰਾਮ ਅਤੇ ਪ੍ਰਾਜੈਕਟ**

ਬਰਾਬਰੀ ਨੂੰ ਮੁਖਧਾਰਾ ਵਿਚ ਲਿਆਉਣ ਅਤੇ ਇਸ ਕੰਮ ਨੂੰ ਅੱਗੇ ਵਧਾਉਣ ਦੇ ਨਾਲ ਨਾਲ, ਐਗਜ਼ੈਕਟਿਵ ਭਵਿੱਖ ਵਿਚ ਖ਼ਾਸ ਅਹਿਮ ਕੰਮਾਂ ਬਾਰੇ ਖ਼ਾਸ ਪ੍ਰਾਜੈਕਟ ਚਲਾਉਣ ਦਾ ਵਿਚਾਰ ਵੀ ਕਰ ਸਕਦੀ ਹੈ ।

ਸਵਾਲ 14 ਅਜਿਹੇ ਪ੍ਰਾਜੈਕਟਾਂ ਜਾਂ ਅਹਿਮ ਕੰਮਾਂ ਦਾ ਨਿਸ਼ਾਨਾ ਕੀ ਹੋਣਾ ਚਾਹੀਦਾ ਹੈ?

**ਸਮਾਪਤੀ**

ਬਰਾਬਰੀ ਬਾਰੇ ਅਸਰਦਾਈ ਕਾਰਜਨੀਤੀ ਦੇ ਨਿਰਮਾਣ ਦਾ, ਅਤੇ ਇਹਦੇ ਰਾਹੀਂ ਵੱਧ ਸ਼ਮੂਲੀਅਤ ਵਾਲੇ ਸਕਾਟਲੈਂਡ ਦੇ ਨਿਰਮਾਣ ਦਾ, ਅਸਲ ਮੌਕਾ ਸਾਨੂੰ ਮਿਲ ਰਿਹਾ ਹੈ। ਇਸ ਸਕਾਟਲੈਂਡ ਵਿਚ ਅਸੀਂ ਸਭਨਾਂ ਨੂੰ ਬਰਾਬਰੀ ਵਾਲੇ ਮੌਕੇ ਦੇ ਕੇ ਆਪਣੇ ਅਮੀਰ ਵਖਰੇਵੇਂ ’ਤੇ ਖ਼ੁਸ਼ੀ ਪ੍ਰਗਟ ਕਰ ਸਕਦੇ ਹਾਂ।

ਇਹ ਪਰਚਾ ਹੋਰ ਰੂਪਾਂ ਵਿਚ ਅਤੇ ਘੱਟ ਗਿਣਤੀ ਦੇ ਲੋਕਾਂ ਦੀਆਂ ਭਾਸ਼ਾਵਾਂ ਵਿਚ ਵੀ ਇਕੁਆਲਿਟੀ ਯੂਨਿਟ ਤੋਂ ਮਿਲ ਸਕਦਾ ਹੈ, ਜਿਹਦਾ ਪਤਾ ਹੇਠਾਂ ਦਿੱਤਾ ਗਿਆ ਹੈ। ਅੰਗਰੇਜ਼ੀ ਅਤੇ ਘੱਟ ਗਿਣਤੀ ਦੀਆਂ ਭਾਸ਼ਾਵਾਂ ਵਿਚ ਇਹ ਵੈੱਬ ਦੇ ਇਸ ਪਤੇ ’ਤੇ ਵੀ ਪੜ੍ਹਿਆ ਜਾ ਸਕੇਗਾ www.scotland.gov.uk

ਜਵਾਬ

ਜਵਾਬ ਭੇਜਣ ਦੀ ਆਖ਼ਰੀ ਤਾਰੀਖ਼ **4 ਅਪ੍ਰੈਲ 2000** ਹੈ।

ਇਸ ਸਲਾਹ ਮਸ਼ਵਰੇ ਦਾ ਜਵਾਬ ਡਾਕ ਰਾਹੀਂ ਇਸ ਪਤੇ ’ਤੇ ਘੱਲੋ

The Equality Unit
Room 045
St Andrew’s House
Edinburgh
EH1 3DG

ਜਵਾਬ ਇਸ ਪਤੇ ’ਤੇ ਈਮੇਲ ਰਾਹੀਂ ਵੀ ਭੇਜੇ ਜਾ ਸਕਦੇ ਹਨ EqualityConsultation@scotland.gov.uk

**ਲੁਕੋਅ ਨਾ ਰੱਖਣ ਵਾਲੀ ਸਰਕਾਰ ਦੇ ਕਾਰ ਵਿਹਾਰ ਦੇ ਨਿਯਮਾਂ ਤਹਿਤ ਕੋਈ ਵੀ ਜਵਾਬ ਮੰਗਣ ’ਤੇ ਆਮ ਲੋਕਾਂ ਨੂੰ ਦੱਸਿਆ ਜਾ ਸਕਦਾ ਹੈ, ਜੇ ਜਵਾਬ ਦੇਣ ਵਾਲਾ/ਵਾਲੀ ਆਪਣੇ ਜਵਾਬ ਨੂੰ ਗੁਪਤ ਰੱਖਣ ਲਈ ਨਾ ਆਖੇ।**

## ਹਵਾਲੇ

**ਮੁੱਖਧਾਰਾ ਵਿਚ ਲਿਆਉਣ ਦਾ ਸਵਾਲ: ਬਰਾਬਰੀ ਦੇ ਢਾਂਚੇ ਦੇ ਅੰਦਰ ਪਾਲਿਸੀ ਅਤੇ ਕਾਨੂੰਨੀ ਸੁਝਾਵਾਂ ਬਾਰੇ ਵਿਚਾਰ ਕਰਨਾ**

**ਮੁੱਖਧਾਰਾ ਵਿਚ ਲਿਆਉਣਾ ਕੀ ਹੈ?**

- ਬਰਾਬਰੀ ਵਾਲੀ ਗੱਲ ਨੂੰ 'ਮੁਖਧਾਰਾ ਵਿਚ ਲਿਆਉਣ' ਦਾ ਮਤਲਬ ਹੈ ਬਰਾਬਰੀ ਦੇ ਅਸੂਲਾਂ, ਕਾਰਜਨੀਤੀਆਂ ਅਤੇ ਕੰਮਾਂ ਨੂੰ ਸ਼ੁਰੂ ਤੋਂ ਹੀ ਸਰਕਾਰ ਅਤੇ ਹੋਰ ਪਬਲਿਕ ਸੰਸਥਾਵਾਂ ਦੇ ਰੋਜ਼ਮੱਰਾ ਕੰਮਾਂ ਵਿਚ ਸ਼ਾਮਿਲ ਕਰਨਾ, ਅਤੇ ਇਸ ਕੰਮ ਵਿਚ ਪਾਲਿਸੀ ਦੇ ਮਾਹਿਰਾਂ ਦੇ ਨਾਲ ਨਾਲ 'ਰੋਜ਼ਮੱਰਾ' ਪਾਲਿਸੀ ਚਲਾਉਣ ਵਾਲਿਆਂ ਨੂੰ ਸ਼ਾਮਿਲ ਕਰਨਾ। ਦੂਸਰੇ ਸ਼ਬਦਾਂ ਵਿਚ, ਇਹਦਾ ਮਤਲਬ ਹੈ ਮੁੱਖਧਾਰਾ ਵਿਚਲੀਆਂ ਸਹੂਲਤਾਂ ਵਿਚੋਂ ਲੰਗ, ਨਸਲ, ਨਿਰਯੋਗਤਾ ਅਤੇ ਹੋਰ ਗੱਲਾਂ ਨੂੰ ਸ਼ਾਮਿਲ ਕਰਨਾ ਜਿਹਨਾਂ ਕਾਰਨ ਵਿਤਕਰਾ ਹੁੰਦਾ ਹੈ, ਜਿਵੇਂ ਜਿਨਸੀ ਝੁਕਾਅ ਅਤੇ ਧਰਮ।

- ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਅਨੁਸਾਰ ਪਾਲਿਸੀਆਂ ਤਿਆਰ ਕਰਨ ਦੀ, ਅਤੇ ਇਹਦੇ ਅਨੁਸਾਰ ਸੰਸਥਾਵਾਂ ਦੀ ਸੋਚ ਸਮਝ ਅਤੇ ਢਾਂਚਾ ਬਦਲਣ ਦੀ ਇਹ ਲੰਮੇ ਸਮੇਂ ਦੀ ਕਾਰਜਨੀਤੀ ਹੈ। ਇਹਦੇ ਨਾਲ ਲੋਕਾਂ ਦੀਆਂ ਵੱਖ ਵੱਖ ਕਿਸਮ ਦੀਆਂ ਲੋੜਾਂ ਅਤੇ ਤਜਰਬਿਆਂ ਨੂੰ ਪਾਲਿਸੀ ਦਾ ਧੁਰਾ ਬਣਾਇਆ ਜਾਂਦਾ ਹੈ।

- ਇਹਦੇ ਨਾਲ ਵੱਧ ਸੂਝ ਵਾਲੀ ਪਾਲਿਸੀ ਬਣ ਜਾਣ ਕਰਕੇ ਵੱਧ ਚੰਗੀ ਸਰਕਾਰ ਬਣਦੀ ਹੈ, ਅਤੇ ਪਾਲਿਸੀ ਬਣਾਉਣ ਦੇ ਢੰਗ ਲੁਕੋਅ-ਰਹਿਤ ਰਹਿੰਦੇ ਹਨ ਅਤੇ ਸਲਾਹ ਮਸ਼ਵਰਾ ਲੈਣ ਦੇ ਅਸਰਦਾਈ ਢੰਗਾਂ ਨਾਲ ਵੱਧ ਲੋਕ ਇਸ ਕੰਮ ਵਿਚ ਹਿੱਸਾ ਲੈਂਦੇ ਹਨ ਅਤੇ ਇਹ ਕੰਮ ਵੱਧ ਲੋਕ-ਤਾਂਤ੍ਰਿਕ ਬਣਦਾ ਹੈ।

- ਇਸ ਕੰਮ ਰਾਹੀਂ ਅਜਿਹੇ ਸਮਾਜਕ ਢਾਂਚਿਆਂ ਨਾਲ ਵੀ ਨਿਪਟਿਆ ਜਾ ਸਕਦਾ ਹੈ ਜੋ ਵਿਤਕਰੇ ਅਤੇ ਕੁਝ ਲੋਕਾਂ ਨੂੰ ਪਿਛੜੇ ਰੱਖਣ ਵਿਚ ਹਿੱਸਾ ਪਾਉਂਦੇ ਹਨ ਜਾਂ ਇਹਨਾਂ ਬੁਰਾਈਆਂ ਨੂੰ ਕਾਇਮ ਰੱਖਦੇ ਹਨ।

- ਇਸ ਕੰਮ ਨੂੰ ਮੁੱਖਧਾਰਾ ਵਿਚ ਲਿਜਾਣ ਨਾਲ ਅਜਿਹੀਆਂ ਪਾਲਿਸੀਆਂ ਦੀ ਵਰਤੋਂ ਬੰਦ ਹੋ ਸਕਦੀ ਹੈ, ਜੋ ਵਿਤਕਰੇ ਨੂੰ ਕਾਇਮ ਰੱਖਦੀਆਂ ਹਨ ਅਤੇ ਮੌਜੂਦਾ ਨਾ-ਬਰਾਬਰੀਆਂ ਨੂੰ ਬੜ੍ਹਾਵਾ ਦਿੰਦੀਆਂ ਹਨ।

- ਮੁੱਖਧਾਰਾ ਵਿਚ ਲਿਆਉਣ ਨਾਲ ਉਸਾਰੂ ਕਾਨੂੰਨੀ ਕਾਰਵਾਈਆਂ ਦੇ ਕੰਮ ਵਿਚ ਵਾਧਾ ਹੁੰਦਾ ਹੈ ਜਿਹਨਾਂ ਦਾ ਮੰਤਵ ਪੁਰਾਣੇ ਅਤੇ ਮੌਜੂਦਾ ਵਿਤਕਰੇ ਵਾਲੇ ਢਾਂਚਿਆਂ ਅਤੇ ਹਰਕਤਾਂ ਨੂੰ ਖ਼ਤਮ ਕਰਨਾ ਹੈ।

ਈਕੁਅਲ ਔਪਰਚਿਊਨਿਟੀਜ਼ ਕਮਿਸ਼ਨ ਅਤੇ ਕਮਿਸ਼ਨ ਫ਼ਾਰ ਰੇਸ਼ਿਅਲ ਇਕੁਆਲਿਟੀ ਦਾ ਪ੍ਰਕਾਸ਼ਨ, ਗਵਰਨੈਂਸ ਆੱਫ਼ ਸਕਾਟਲੈਂਡ ਫ਼ੋਰਮ ਅਤੇ ਯੂਨੀਵਰਸਿਟੀ ਆੱਵ ਐਡਿਨਬਰਾ ਦੇ ਸਹਯੋਗ ਨਾਲ।

ਵਧੇਰੇ ਜਾਣਕਾਰੀ ਲੈਣ ਲਈ ਇਹਨਾਂ ਨਾਲ ਰਾਬਤਾ ਕਰੋ

Equal Opportunities Commission
St Stephen's House
279 Bath Street
GLASGOW
G2

ਟੈਲੀਫ਼ੋਨ: 0141 248 5833
ਫ਼ੈਕਸ: 0141 248 5834
ਈਮੇਲ: scotland@eoc.org.uk
ਵੈੱਬਸਾਈਟ: www.eoc.org.uk

Commission for Racial Equality
45 Hanover Street
EDINBURGH
EH2 2PJ

ਟੈਲੀਫ਼ੋਨ: 0131 226 5186
ਫ਼ੈਕਸ: 0131 226 5243
ਵੈੱਬਸਾਈਟ: www.cre.gov.uk